23

# ਯੂਹੰਨਾ ਬਪਤਿਸਮਾ ਦੇਣ ਵਾਲਾ ਅਤੇ ਯਿਸੂ

## (11:1-19)

ਫਿਰ ਮੱਤੀ ਨੇ ਉਨ੍ਹਾਂ ਪ੍ਰਤੀਕਿਰਿਆਵਾਂ ਉੱਤੇ ਫ਼ੋਕਸ ਕੀਤਾ ਜਿਹੜੀਆਂ ਯਿਸੂ ਦੀਆਂ ਸਿੱਖਿਆਵਾਂ ਅਤੇ ਕੰਮਾਂ ਉੱਤੇ ਲੋਕਾਂ ਦੀਆਂ ਸਨ। ਇਹ ਪ੍ਰਤੀਕਿਰਿਆਵਾਂ ਆਮ ਤੌਰ ਤੇ ਨਕਾਰਾਤਮਕ ਹੁੰਦੀਆਂ ਸਨ। ਇੱਥੋਂ ਤਕ ਕਿ ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਵੀ ਪ੍ਰਭੂ ਨੂੰ ਸਵਾਲ ਕੀਤਾ।[1] ਯੂਹੰਨਾ ਅਤੇ ਯਿਸੂ ਦੀ ਚਰਚਾ ਦੇ ਬਾਅਦ (11:1–19), ਮੱਤੀ ਨੇ ਤੌਬਾ ਨਾ ਕਰਨ ਵਾਲੇ ਸ਼ਹਿਰਾਂ ਨੂੰ ਦਿੱਤੀ ਗਈ ਯਿਸੂ ਦੀ ਝਾੜ ਦੀ ਗੱਲ ਕੀਤੀ (11:20–24), ਯਿਸੂ ਦੀ ਦੁਆ ਲਿਖੀ ਅਤੇ ਫਿਰ ਸਭ ਲੋਕਾਂ ਨੂੰ ਆਪਣੇ ਕੋਲ ਆਉਣ ਦੇ ਯਿਸੂ ਦੇ ਵੱਡੇ ਸੱਦੇ ਨੂੰ ਵਿਖਾਇਆ (11:25–30)।

### ਯੂਹੰਨਾ ਦਾ ਸਵਾਲ (11:1-3)

**1ਐਉਂ ਹੋਇਆ ਕਿ ਜਾਂ ਯਿਸੂ ਆਪਣੇ ਬਾਰਾਂ ਚੇਲਿਆਂ ਨੂੰ ਆਗਿਆ ਦੇ ਹਟਿਆ ਤਾਂ ਉੱਥੋਂ ਉਨ੍ਹਾਂ ਦੇ ਨਗਰਾਂ ਵਿਚ ਉਪਦੇਸ਼ ਦੇਣ ਅਤੇ ਪ੍ਰਚਾਰ ਕਰਨ ਚੱਲਿਆ ਗਿਆ।**
**2ਯੂਹੰਨਾ ਨੇ ਕੈਦਖ਼ਾਨੇ ਵਿਚ ਮਸੀਹ ਦੇ ਕੰਮਾਂ ਨੂੰ ਸੁਣ ਕੇ ਆਪਣੇ ਚੇਲਿਆਂ ਦੇ ਰਾਹੀਂ ਉਹ ਨੂੰ ਆਖ ਘੱਲਿਆ।**
**3ਭਈ ਜਿਹੜਾ ਆਉਣ ਵਾਲਾ ਸੀ ਉਹ ਤੂੰ ਹੀ ਹੈਂ ਯਾ ਅਸੀਂ ਕਿਸੇ ਹੋਰ ਨੂੰ ਉਡੀਕੀਏ?**

**ਆਇਤ 1.** ਇਨ੍ਹਾਂ ਸ਼ਬਦਾਂ ਨਾਲ ਮੱਤੀ ਨੇ ਸੰਕੇਤ ਦਿੱਤਾ ਕਿ ਯਿਸੂ ਨੇ **ਆਪਣੇ ਬਾਰਾਂ ਚੇਲਿਆਂ ਨੂੰ ਆਗਿਆ** ਦੇਣੀ ਬੰਦ ਕੀਤੀ ਸੀ। ਅਜਿਹਾ ਕਰਨ ਦੇ ਬਾਅਦ ਯਿਸੂ ਅਧਿਆਇ 11 ਅਤੇ 12 ਵਿਚ ਹੋਰਨਾਂ ਲੋਕਾਂ ਨਾਲ ਆਪਣਾ ਮੇਲ–ਜੋਲ ਵਧਾਉਣ ਲੱਗਾ। ਜੈਕ ਪੀ. ਲੂਈਸ ਨੇ ਟਿੱਪਣੀ ਕੀਤੀ ਹੈ:

> 1228 ਵਿਚ ਸਟੀਫ਼ਨ ਲੈਂਗਟਨ ਵੱਲੋਂ ਦਿੱਤੀ ਗਈ ਅਧਿਆਇ 10 ਅਤੇ 11 ਦੀ ਵੰਡ ਅਫ਼ਸੋਸਨਾਕ ਹੈ, ਕਿਉਂਕਿ ਆਇਤ 1 ਅਸਲ ਵਿਚ ਅਧਿਆਇ 10 ਦਾ ਅੰਤ ਹੈ। ਇਹ ਮੱਤੀ ਦੇ ਸਿੱਖਿਆ ਵਾਲੇ ਭਾਗਾਂ ਤੇ ਨਿਚੋੜਾਂ ਵਾਲੇ ਪੰਜ ਵਾਕਾਂ ਵਿੱਚੋਂ ਦੂਜਾ ਹੈ (ਤੁਲਨਾ 7:28 ਤੋਂ; 13:53; 19:1; 26:1)।[2]

11:1 ਵਿਚ ''ਆਪਣੇ ਬਾਰਾਂ ਚੇਲਿਆਂ'' ਦਾ ਹਵਾਲਾ 10:1 ਦੇ ਹਵਾਲੇ ਵਾਂਗ ਹੈ ਜਿਹੜਾ ਅਧਿਆਇ 10 ਲਈ ਦੋਹਾਂ ਕਿਤਾਬਾਂ ਨੂੰ ਟਿਕਾਉਣ ਦਾ ਕੰਮ ਕਰਦਾ ਹੈ।

ਮੱਤੀ ਨੇ ਭਾਵੇਂ ਇਸ ਤੱਥ ਨੂੰ ਸਾਫ਼–ਸਾਫ਼ ਨਹੀਂ ਦੱਸਿਆ, ਪਰ ਚੇਲੇ ਨਿੱਕਲ ਜਾਣ ਦੇ ਬਾਅਦ ਉਹੀ ਕਰਨ ਲਈ ਗਏ ਜੋ ਯਿਸੂ ਨੇ ਉਨ੍ਹਾਂ ਨੂੰ ਕਰਨ ਦਾ ਇਖ਼ਤਿਆਰ ਦਿੱਤਾ ਸੀ (ਮਰਕੁਸ 6:12, 13; ਲੂਕਾ 9:6)। ਘੱਟੋ–ਘੱਟ ਕੁਝ ਚਿਰ ਲਈ, ਲਗਦਾ ਹੈ ਕਿ **ਯਿਸੂ** ਨੇ ਇਕੱਲਿਆਂ ਸੇਵਕਾਈ

ਕੀਤੀ। ਸ਼ਾਇਦ ਉਹ ਚੇਲਿਆਂ ਦੇ ਮਗਰ ਮਗਰ ਗਿਆ (10:23 ਤੇ ਟਿੱਪਣੀਆਂ ਵੇਖੋ)।

ਮੱਤੀ ਵਿਚ ਉਹ **ਉੱਥੋਂ ਚਲਿਆ ਗਿਆ** ਅਤੇ ਅਜਿਹੇ ਹੋਰ ਵਾਕਅੰਸ਼ਾਂ ਦੀ ਵਰਤੋਂ ਜੋੜਨ ਵਾਲਿਆਂ ਦੇ ਰੂਪ ਵਿਚ ਕੀਤੀ ਗਈ ਹੈ (12:9; 13:53; 15:29; 19:1)। ਉੱਥੋਂ ਜਾਣ ਦਾ ਯਿਸੂ ਦਾ ਮਕਸਦ **ਉਨ੍ਹਾਂ ਦੇ ਨਗਰਾਂ ਵਿਚ ਉਪਦੇਸ਼ ਦੇਣ ਅਤੇ ਪ੍ਰਚਾਰ ਕਰਨ** ਦਾ ਸੀ (4:23 ਤੇ ਟਿੱਪਣੀਆਂ ਵੇਖੋ; 9:35 )। ''ਉਪਦੇਸ਼'' ਅਤੇ ''ਪ੍ਰਚਾਰ'' ਭਾਵੇਂ ਮਿਲਦੇ ਜੁਲਦੇ ਹਨ ਪਰ ਉਹ ਵੱਖੋ ਵੱਖ ਹੋ ਸਕਦੇ ਹਨ। ''ਪ੍ਰਚਾਰ'' ਲਾਜ਼ਮੀ ਤੌਰ ਤੇ ਖ਼ੁਦਾ ਦੇ ਵਚਨ ਨੂੰ ਸੁਣਾਉਣ ਤੇ ਕੇਂਦਰਤ ਹੁੰਦਾ ਹੈ, ਜਦਕਿ ''ਉਪਦੇਸ਼'' ਵਿਚ ਵਧੇਰੇ ਵਿਸਤਾਰ ਨਾਲ ਵੇਰਵੇ ਦਿੱਤੇ ਜਾਂਦੇ ਹਨ। ਇਸ ਸਾਰ ਵਿਚ ''ਚੰਗਿਆਈ'' ਦੀ ਗੱਲ ਦਾ ਨਾ ਹੋਣਾ ਧਿਆਨ ਦੇਣ ਯੋਗ ਹੈ।

**ਆਇਤ 2. ਯੂਹੰਨਾ** ਦੇ **ਕੈਦਖਾਨੇ** ਵਿਚ ਹੋਣ ਦੀ ਗੱਲ ਮੱਤੀ ਦੇ ਵਿਰਤਾਂਤ ਵਿਚ ਤਿੰਨ ਵਾਰ ਮਿਲਦੀ ਹੈ (4:12; 11:2; 14:3)। ਜੋਸੇਫ਼ਸ ਦੇ ਮੁਤਾਬਕ ਹੇਰੋਦੇਸ ਅੰਤੀਪਾਸ ਨੇ ਉਸ ਨੂੰ ਖਾਰੇ ਸਮੁੰਦਰ ਦੇ ਪੂਰਬ ਵਿਚ ਦੱਖਣੀ ਪਿਰੀਆ ਵਿਚ ਮਕਾਇਰਸ (ਜਾਂ ਮਕੇਰਸ) ਕਿਲ੍ਹੇ ਵਿਚ ਕੈਦ ਕੀਤਾ ਸੀ।[3] ਇਹ ਉਨ੍ਹਾਂ ਕਈ ਕਿਲ੍ਹਿਆਂ ਵਿੱਚੋਂ ਇਕ ਸੀ ਜਿਨ੍ਹਾਂ ਉੱਤੇ ਹੇਰੋਦੇਸ ਮਹਾਨ ਦਾ ਕਬਜ਼ਾ ਸੀ। ਇਸ ਦੀ ਵਰਤੋਂ ਫ਼ਲਿਸਤੀਨ ਦੀ ਪੂਰਵੀ ਹੱਦ ਦੀ ਰਖਵਾਲੀ ਲਈ ਕੀਤੀ ਜਾਂਦੀ ਸੀ। ਮਾਈਕਲ ਜੇ. ਵਿਲਕਿੰਸ ਨੇ ਲਿਖਿਆ ਹੈ, ''ਕਿਲ੍ਹੇ ਦਾ ਨਾਂਅ ਸੰਭਵ ਤੌਰ ਤੇ *ਮਕਾਇਰਾ,* 'ਕਟਾਰ' ਤੋਂ ਲਿਆ ਗਿਆ ਹੈ ਅਤੇ ਇਹ ਸਮੁੰਦਰ ਤਲ ਤੋਂ 700 ਮੀਟਰ (1,600 ਫੁੱਟ) ਉੱਚਿਆਈ ਤੇ, ਤਿੱਖੇ ਕੰਢਿਆਂ ਵਾਲੇ ਪਥਰੀਲੇ ਪਹਾੜ ਤੇ ਹੈ, ਜਿਸ ਦੀ ਰਖਵਾਲੀ ਤਿੰਨ ਪਾਸਿਓਂ ਡੂੰਘੇ ਦੱਰਿਆਂ ਨਾਲ ਹੁੰਦੀ ਹੈ।[4]

ਯੂਹੰਨਾ ਜੇਲ੍ਹ ਵਿਚ ਸੀ ਕਿਉਂ ਜੋ ਉਸ ਨੇ ਬੜੀ ਬਹਾਦੁਰੀ ਨਾਲ ਰਾਜੇ ਅਤੇ ਉਸ ਦੀ ਭਾਬੀ ਹੇਰੋਦਿਆਸ ਦੇ ਨਾਪਾਕ ਵਿਆਹ ਦੀ ਨਿੰਦਿਆ ਕੀਤੀ ਸੀ (ਲੂਕਾ 3:19, 20; ਵੇਖੋ ਲੇਵੀਆਂ ਦੀ ਪੋਥੀ 18:16)। ਉਹ ਉਸ ਦੇ ਮਤਰਏ ਭਰਾ ਅਰਿਸਤੋਬਲੁਸ ਦੀ ਧੀ, ਭਾਵ ਉਸ ਦੀ ਭਤੀਜੀ ਸੀ ਅਤੇ ਉਸ ਨੇ ਉਸ ਦੇ ਭਰਾ ਹੇਰੋਦੇਸ ਫ਼ਿਲਿਪੁਸ ਨਾਲ ਵਿਆਹ ਕਰ ਲਿਆ ਸੀ। ਰੋਮ ਦੇ ਇਕ ਦੌਰੇ ਤੇ ਹੇਰੋਦੇਸ ਅੰਤੀਪਾਸ ਨੇ ਉਸ ਤੇ ਲੱਟੂ ਹੋ ਕੇ ਉਸ ਨਾਲ ਰੰਗਰਲੀਆਂ ਮਨਾਈਆਂ ਅਤੇ ਫਿਰ ਘਰ ਵਾਪਸ ਆਉਣ ਤੇ ਫ਼ੌਰਨ ਆਪਣੀ ਪਤਨੀ ਨੂੰ ਤਲਾਕ ਦੇ ਕੇ ਹੇਰੋਦਿਆਸ ਨਾਲ ਵਿਆਹ ਕਰ ਲਿਆ ਸੀ। ਲੋਕਾਂ ਦਾ ਡਰ ਨਾ ਹੁੰਦਾ ਤਾਂ ਹੇਰੋਦੇਸ ਨੇ ਯੂਹੰਨਾ ਨੂੰ ਪਹਿਲਾਂ ਹੀ ਮਰਵਾ ਦੇਣਾ ਸੀ (14:5)।

ਜ਼ਾਹਿਰ ਹੈ ਕਿ ਯੂਹੰਨਾ ਦੇ ਕੁਝ **ਚੇਲਿਆਂ** ਵੱਲੋਂ ਯਿਸੂ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖੀ ਜਾ ਰਹੀ ਸੀ ਅਤੇ ਉਹ ਯੂਹੰਨਾ ਨੂੰ ਖ਼ਬਰ ਦੇ ਰਹੇ ਸਨ। ਯਿਸੂ ਕੋਲ ਆਣ ਕੇ (9:14), ਉਨ੍ਹਾਂ ਨੇ ਉਸ ਨੂੰ ਰੋਜ਼ੇ ਤੇ ਇਕ ਸਵਾਲ ਕੀਤਾ। ਇਸ ਦੇ ਇਲਾਵਾ ਯਿਸੂ ਨੇ ਨਾਈਨ ਨਗਰ ਦੀ ਵਿਧਵਾ ਦੇ ਪੁੱਤਰ ਨੂੰ ਯਿਸੂ ਵੱਲੋਂ ਜ਼ਿੰਦਾ ਕੀਤੇ ਜਾਣ ਦੇ ਬਾਅਦ ਉਨ੍ਹਾਂ ਨੇ ''ਉਸ ਨੂੰ ਇਨ੍ਹਾਂ ਸਾਰੀਆਂ ਗੱਲਾਂ ਦੀ ਖ਼ਬਰ ਦਿੱਤੀ'' (ਲੂਕਾ 7:18)। **ਮਸੀਹ ਦੇ ਕੰਮਾਂ** ਬਾਰੇ ਸੁਣ ਕੇ ਯੂਹੰਨਾ ਨੇ ਆਪਣੇ ਚੇਲਿਆਂ ਦੀ ਇਕ ਟੋਲੀ ਇਹ ਪੱਕਾ ਕਰਨ ਲਈ ਯਿਸੂ ਕੋਲ ਭੇਜੀ ਕਿ ਆਉਣ ਵਾਲਾ ਮਸੀਹ ਉਹੀ ਹੈ ਜਾਂ ਨਹੀਂ।

**ਆਇਤ 3.** ਯੂਹੰਨਾ ਦਾ ਸੁਨੇਹਾ ਸੀ: **''ਜਿਹੜਾ ਆਉਣ ਵਾਲਾ ਸੀ ਉਹ ਤੂੰ ਹੀ ਹੈਂ ਯਾ ਅਸੀਂ ਕਿਸੇ ਹੋਰ ਨੂੰ ਉਡੀਕੀਏ?''** ਯੂਹੰਨਾ ਨੂੰ ਪਤਾ ਸੀ ਕਿ ਯਿਸੂ ਕੌਣ ਹੈ ਕਿਉਂ ਜੋ ਉਹ ਆਪੋ ਵਿਚ ਰਿਸ਼ਤੇਦਾਰ ਸਨ (ਲੂਕਾ 1:36)। ਉਸ ਨੇ ਉਸ ਨੂੰ ''ਪਰਮੇਸ਼ੁਰ ਦਾ ਲੇਲਾ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ'' ਦੇ ਰੂਪ ਵਿਚ ਮੰਨਿਆ ਸੀ (ਯੂਹੰਨਾ 1:29) ਅਤੇ ਆਤਮਾ ਨੂੰ ''ਕਬੂਤਰ ਦੀ ਨਿਆਂਈ ਅਕਾਸ਼ੋਂ'' ਉੱਤਰਦਾ ਅਤੇ ਉਸ ਉੱਤੇ ਠਹਿਰਦਾ ਵੇਖਿਆ ਸੀ (ਯੂਹੰਨਾ 1:32)। ਯੂਹੰਨਾ ਨੇ ਯਿਸੂ ਦੇ ਸਬੰਧ ਵਿਚ ਇਹ ਐਲਾਨ ਵੀ ਕੀਤਾ ਸੀ ਕਿ ''ਜ਼ਰੂਰ ਹੈ ਕਿ ਉਹ ਵਧੇ ਅਤੇ ਮੈਂ ਘਟਾਂ'' (ਯੂਹੰਨਾ 3:30)। ਤਾਂ ਫਿਰ ਹੁਣ ਕਿਉਂ ਲੱਗਾ ਕਿ ਯੂਹੰਨਾ ਨੂੰ ਕੋਈ ਸ਼ੱਕ ਹੈ?

ਕਈ ਸੰਭਾਵਨਾਵਾਂ ਮਿਲਦੀਆਂ ਹਨ। ਸ਼ਾਇਦ ਇਹ ਸਵਾਲ ਯੂਹੰਨਾ ਦੇ ਚੇਲਿਆਂ ਦੇ ਅਤੇ ਉਸ

ਦੇ ਆਪਣੇ ਫ਼ਾਇਦੇ ਲਈ ਕੀਤਾ ਗਿਆ ਸੀ। ਯੂਹੰਨਾ ਦੇ ਕੁਝ ਚੇਲੇ ਜਿਨ੍ਹਾਂ ਨੇ ਯਿਸੂ ਦੇ ਚੇਲਿਆਂ ਨਾਲ ਸ਼ਾਮਿਲ ਨਾ ਹੋਣ ਨੂੰ ਚੁਣਿਆ ਸੀ ਅਤੇ ਯੂਹੰਨਾ ਦੇ ਨਾਲ ਰਹੇ ਸਨ, ਉਹ ਪੁੱਛ ਰਹੇ ਹੋਣਗੇ ਕਿ ਯਿਸੂ ਕੌਣ ਹੈ। ਦੂਜਿਆਂ ਨੂੰ ਲੱਗਾ ਹੋਵੇਗਾ ਕਿ ਇਹ ਪਰੇਸ਼ਾਨ ਕਰਨ ਵਾਲਾ ਸਵਾਲ ਹੈ ਕਿ ਯੂਹੰਨਾ ਜਾਣਨਾ ਚਾਹੁੰਦਾ ਸੀ ਕਿ ਯਿਸੂ ਉਨ੍ਹਾਂ ਗੱਲਾਂ ਨੂੰ ਕਦੋਂ ਕਰੇਗਾ ਜਿਸ ਦੀ ਨਬੂਵਤ ਉਸ ਨੇ ਉਜਾੜ ਵਿਚ ਪ੍ਰਚਾਰ ਕਰਦਿਆਂ ਕੀਤੀ ਸੀ (3:7–12)। ਇਕ ਹੋਰ ਵਿਚਾਰ ਇਹ ਹੈ ਕਿ ਯੂਹੰਨਾ ਨੇ ਇਹ ਸਵਾਲ ਸਿਰਫ਼ ਉਸ ਗੱਲ ਦੀ ਤਸਦੀਕ ਕਰਨ ਲਈ ਕੀਤਾ ਹੋਵੇਗਾ ਜਿਸ ਨੂੰ ਉਹ ਪਹਿਲਾਂ ਤੋਂ ਮੰਨਦਾ ਸੀ। ਇਸ ਦੀ ਬੇਹਤਰੀਨ ਵਿਆਖਿਆ ਯੂਹੰਨਾ ਦੇ ਹਾਲਾਤ ਨਾਲ ਮੇਲ ਖਾਂਦੀ ਹੈ। ਖੁੱਲ੍ਹੇਆਮ ਹੇਰੋਦੇਸ ਅੰਤਿਪਾਸ ਦੇ ਨਾਪਾਕ ਵਿਆਹ ਨੂੰ ਗਲਤ ਠਹਿਰਾਉਂਦਿਆਂ ਉਸ ਨੇ ਉਸ ਦੇ ਜੇਲ੍ਹ ਵਿਚ ਸੁੱਟ ਦਿੱਤੇ ਜਾਣ ਤੇ ਯੂਹੰਨਾ ਸਚਿਆਈ ਦਾ ਪ੍ਰਚਾਰ ਕਰਨ ਵਿਚ ਬੇਖ਼ੌਫ਼ ਅਤੇ ਵਫ਼ਾਦਾਰ ਸੀ। ਉਸ ਦੇ ਮਨ ਵਿਚ ਇਕ ਪਲ ਲਈ ਸ਼ੱਕ ਆਇਆ ਹੋ ਸਕਦਾ ਹੈ ਅਤੇ ਉਹ ਇਹ ਯਕੀਨੀ ਬਣਾਉਣਾ ਚਾਹੁੰਦਾ ਹੋਵੇਗਾ ਕਿ ਜਿਹੜਾ ਆਉਣ ਵਾਲਾ ਸੀ ਉਸ ਦਾ ਰਾਹ ਤਿਆਰ ਕਰਨ ਲਈ ਉਸ ਨੇ ਲੋੜੀਂਦੀ ਤਿਆਰੀ ਕਰ ਲਈ ਹੈ ਜਾਂ ਨਹੀਂ।

''ਜਿਹੜਾ ਆਉਣ ਵਾਲਾ ਸੀ,'' ਜਾਂ ''ਜਿਸ ਨੇ ਆਉਣਾ ਸੀ'' (NKJV) ਮਸੀਹਾ ਲਈ ਵਰਤਿਆ ਜਾਣ ਵਾਲਾ ਸਿਰਲੇਖ ਸੀ, ਕਿਉਂਕਿ ਉਸ ਦੇ ਆਉਣ ਦੀ ਰਾਹ ਇਸਰਾਏਲੀ ਸਦੀਆਂ ਤੋਂ ਵੇਖ ਰਹੇ ਸਨ (ਜ਼ਬੂਰ 118:26)। ਇਹ ਸ਼ਬਦ ਜ਼ਿਆਦਾਤਰ ਯਹੂਦੀਆਂ ਲਈ ਜਾਣਿਆ ਪਛਾਣਿਆ ਰਿਹਾ ਹੋਵੇਗਾ (ਮੱਤੀ 3:11; 21:9; 23:39; ਯੂਹੰਨਾ 4:25; 6:14; 11:27; 12:13)।

## ਯਿਸੂ ਦਾ ਜਵਾਬ (11:4-6)

**4ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਜੋ ਕੁਝ ਤੁਸੀਂ ਸੁਣਦੇ ਅਤੇ ਵੇਖਦੇ ਹੋ ਸੋ ਯੂਹੰਨਾ ਨੂੰ ਜਾ ਦੱਸਿਓ। 5ਕਿ ਅੰਨ੍ਹੇ ਸੁਜਾਖੇ ਹੁੰਦੇ ਹਨ ਅਤੇ ਲੰਙੇ ਤੁਰਦੇ ਹਨ, ਕੋੜ੍ਹੀ ਸ਼ੁੱਧ ਕੀਤੇ ਜਾਂਦੇ ਹਨ ਅਤੇ ਬੋਲੇ ਸੁਣਦੇ ਹਨ ਅਤੇ ਮੁਰਦੇ ਜਿਵਾਏ ਜਾਂਦੇ ਹਨ ਅਤੇ ਗਰੀਬਾਂ ਨੂੰ ਖੁਸ਼ਖਬਰੀ ਸੁਣਾਈ ਜਾਂਦੀ ਹੈ। 6ਅਤੇ ਧੰਨ ਉਹ ਹੈ ਜੋ ਮੇਰੇ ਕਾਰਣ ਠੋਕਰ ਨਾ ਖਾਵੇ।**

**ਆਇਤ 4.** ਯਿਸੂ ਨੇ ਯੂਹੰਨਾ ਦੇ ਚੇਲਿਆਂ ਨੂੰ ਨਿਰੀ ''ਹਾਂ'' ਜਾਂ ''ਨਾਂਹ'' ਨਾਲ ਜਵਾਬ ਨਹੀਂ ਦਿੱਤਾ। ਇਸ ਦੀ ਥਾਂ ਉਸ ਨੇ ਉਨ੍ਹਾਂ ਨੂੰ ਪੱਕਾ ਸਬੂਤ ਦਿੱਤਾ। ਲੂਕਾ ਨੇ ਲਿਖਿਆ ਹੈ, ''ਉਸ ਨੇ ਉਸ ਘੜੀ ਬਹੁਤਿਆਂ ਰੋਗਾਂ ਅਤੇ ਬਲਾਈਆਂ ਅਤੇ ਬਦਰੂਹਾਂ ਤੋਂ ਚੰਗਾ ਕੀਤਾ ਅਤੇ ਬਹੁਤਿਆਂ ਅੰਨ੍ਹਿਆਂ ਨੂੰ ਸੁਜਾਖਾ ਕੀਤਾ'' (ਲੂਕਾ 7:21)। ਫਿਰ ਯਿਸੂ ਨੇ ਯੂਹੰਨਾ ਦੇ ਚੇਲਿਆਂ ਨੂੰ ਆਖਿਆ, **''ਜੋ ਕੁਝ ਤੁਸੀਂ ਸੁਣਦੇ ਅਤੇ ਵੇਖਦੇ ਹੋ ਸੋ ਯੂਹੰਨਾ ਨੂੰ ਜਾ ਦੱਸਿਓ।''** ''ਸੁਣਦੇ ਅਤੇ ਵੇਖਦੇ'' ਦੀ ਤਰਤੀਬ ਇੰਜੀਲ ਦੇ ਮੱਤੀ ਦੇ ਵਿਰਤਾਂਤ ਵਿਚ ਵਰਤੇ ਗਏ ਢਾਂਚੇ ਦੇ ਨਮੂਨੇ ਨਾਲ ਮੇਲ ਖਾਂਦੀ ਹੈ। ਪਹਿਲਾਂ 5 ਤੋਂ 7 ਅਧਿਆਇ ਵਿਚ ਉਸ ਨੇ ਯਿਸੂ ਦੀਆਂ ਸਿੱਖਿਆਵਾਂ ਦਿੱਤੀਆਂ (''ਸੁਣੋ''), ਇਸ ਦੇ ਬਾਅਦ ਅਧਿਆਇ 8 ਅਤੇ 9 ਵਿਚ ਯਿਸੂ ਦੇ ਮੋਅਜਜ਼ੇ ਦਿੱਤੇ ਗਏ (''ਵੇਖੋ'')।[5] ਲੂਕਾ 7:22 ''ਵੇਖਿਆ ਅਤੇ ਸੁਣਿਆ'' ਵਾਕਅੰਸ਼ ਨਾਲ ਤਰਤੀਬ ਨੂੰ ਉਲਟਾ ਦਿੰਦਾ ਹੈ।

**ਆਇਤ 5.** ਯੂਹੰਨਾ ਦੇ ਚੇਲਿਆਂ ਦੇ ਸਾਹਮਣੇ ਯਿਸੂ ਵੱਲੋਂ ਕੀਤੇ ਗਏ ਕੰਮ ਉਹੀ ਸਨ ਜਿਨ੍ਹਾਂ ਦੀ ਨਬੂਵਤ ਯਸਾਯਾਹ ਨੇ ਕੀਤੀ ਸੀ ਕਿ ਉਹ ਮਸੀਹਾ ਦੇ ਆਉਣ ਤੇ ਕੀਤੇ ਜਾਣਗੇ (ਯਸਾਯਾਹ 29:18, 19; 35:5, 6; 61:1)। ਇਨ੍ਹਾਂ ਮੋਅਜਜ਼ਿਆਂ ਦੇ ਤਿੰਨ–ਤਿੰਨ ਜੋੜੇ ਬਣਾਏ ਗਏ ਅਤੇ ਅਧਿਆਇ 8 ਅਤੇ 9 ਤੋਂ ਉਨ੍ਹਾਂ ਨੂੰ ਸਮਝਾਇਆ ਜਾ ਸਕਦਾ ਹੈ। (1) **ਅੰਨ੍ਹੇ ਸੁਜਾਖੇ ਹੁੰਦੇ ਹਨ** (9:27–31) ਅਤੇ **ਲੰਗੜੇ ਤੁਰਦੇ ਹਨ** (8:5–13; 9:2–8); (2) **ਕੋੜ੍ਹੀ ਸ਼ੁੱਧ ਕੀਤੇ ਜਾਂਦੇ ਹਨ** (8:1–4) ਅਤੇ

**ਬੋਲੇ ਸੁਣਦੇ ਹਨ** (ਵੇਖੋ 9:32–34); (3) **ਮੁਰਦੇ ਜਿਵਾਏ ਜਾਂਦੇ ਹਨ** (9:18–26) ਅਤੇ **ਗ਼ਰੀਬਾਂ ਨੂੰ ਖੁਸ਼ਖ਼ਬਰੀ ਸੁਣਾਈ ਜਾਂਦੀ ਹੈ** (9:35)। ਯਿਸੂ ਦੇ ਉਲਟ, ਯੂਹੰਨਾ ਨੇ ਆਪਣੀ ਸੇਵਕਾਈ ਦੌਰਾਨ ਇਕ ਵੀ ਮੋਅਜਜ਼ਾ ਨਹੀਂ ਕੀਤਾ ਸੀ (ਯੂਹੰਨਾ 10:41)।

**ਆਇਤ 6.** ਯਿਸੂ ਨੇ ਆਪਣਾ ਜਵਾਬ ਇਕ ਮੁਬਾਰਕਬਾਦੀ ਨਾਲ ਦਿੱਤਾ: **''ਧੰਨ ਉਹ ਹੈ ਜੋ ਮੇਰੇ ਕਾਰਣ ਠੋਕਰ ਨਾ ਖਾਵੇ।''** ''ਠੋਕਰ ਕਾਰਣ'' ਲਈ ਯੂਨਾਨੀ ਕਿਰਿਆ ਸ਼ਬਦ (*skandalizo*) ਦਾ ਸਬੰਧ ਅਨੁਵਾਦ ਹੋਏ ਨਾਉਂ ''ਠੋਕਰ ਖੁਆਉਣ ਦਾ ਪੱਥਰ'' (*skandalon*) ਹੈ। ਦੂਜੇ ਸ਼ਬਦਾਂ ਵਿਚ ਯੂਹੰਨਾ ਨੂੰ ਮਸੀਹਾ ਦੀਆਂ ਆਪਣੀਆਂ ਪਹਿਲੇ ਤੋਂ ਬਣੀਆਂ ਉਮੀਦਾਂ ਨੂੰ ਯਿਸੂ ਵਿਚ ਆਪਣੇ ਭਰੋਸਾ ਕਰਨ ਲਈ ਠੋਕਰ ਦਾ ਪੱਥਰ ਨਹੀਂ ਬਣਨ ਦੇਣਾ ਚਾਹੀਦਾ ਸੀ।[6] ਬਹੁਤ ਸਾਰੇ ਲੋਕਾਂ ਨੇ ਜੋ ਕੁਝ ਯਿਸੂ ਸੀ ਅਤੇ ਜੋ ਕੁਝ ਉਸ ਨੇ ਕੀਤਾ ਉਸ ਦੇ ਕਾਰਣ ਠੋਕਰ ਖਾਧੀ ਸੀ। ਕੁਝ ਚੇਲਿਆਂ ਨੇ ਤਾਂ ਉਸ ਦੇ ਮਗਰ ਚੱਲਣ ਦੀ ਉਸ ਦੀ ਕਰੜੀ ਸਿੱਖਿਆ ਤੋਂ ਠੋਕਰ ਖਾਧੀ ਅਤੇ ਉਸ ਦੇ ਮਗਰ ਚੱਲਣਾ ਬੰਦ ਕਰ ਦਿੱਤਾ (ਯੂਹੰਨਾ 6:60, 61, 66)। ਨਾਸਰਤ ਦੇ ਲੋਕਾਂ ਨੇ ਜਿਹੜਾ ਕਿ ਉਸ ਦਾ ਆਪਣਾ ਸ਼ਹਿਰ ਸੀ, ਯਿਸੂ ਤੋਂ ''ਠੋਕਰ ਖਾਧੀ।'' ਉਸ ਨੂੰ ਉਪਦੇਸ਼ ਦਿੰਦਿਆਂ ਸੁਣਨ ਵਾਲਿਆਂ ਵਾਲੇ ਪੁੱਛਦੇ ਸਨ, ''ਇਸ ਮਨੁੱਖ ਨੂੰ ਇਹ ਗਿਆਨ ਅਰ ਇਹ ਕਰਾਮਾਤਾਂ ਕਿੱਥੋਂ ਮਿਲੀਆਂ?'' (13:54)। ਪੌਲੁਸ ਲਿਖਦਾ ਹੈ ਕਿ ਸਲੀਬ ਦਾ ਸੰਦੇਸ਼ ਯਹੂਦੀਆਂ ਲਈ ''ਠੋਕਰ ਦਾ ਕਾਰਣ'' ਸੀ ਜਿਸ ਕਰਕੇ ਬਹੁਤੇ ਲੋਕ ਸਲੀਬ ਦਿੱਤੇ ਗਏ ਮਸੀਹਾ ਦੀ ਹਕੀਕਤ ਨੂੰ ਕਬੂਲ ਨਹੀਂ ਕਰਦੇ ਸਨ (1 ਕੁਰਿੰਥੀਆਂ 1:23; ਗਲਾਤੀਆਂ 5:11)।

## ਯਿਸੂ ਵੱਲੋਂ ਯੂਹੰਨਾ ਦੀ ਤਾਰੀਫ਼ (11:7-15)

**7ਜਾਂ ਉਹ ਤੁਰ ਪਏ ਤਾਂ ਯਿਸੂ ਯੂਹੰਨਾ ਦੇ ਵਿਖੇ ਲੋਕਾਂ ਨੂੰ ਕਹਿਣ ਲੱਗਾ ਜੋ ਤੁਸੀਂ ਉਜਾੜ ਵਿਚ ਕੀ ਵੇਖਣ ਨਿੱਕਲੇ ਸਾਓ? ਕੀ ਇਕ ਕਾਨੇ ਨੂੰ ਜਿਹੜਾ ਹਵਾ ਨਾਲ ਹਿੱਲਦਾ ਹੈ। 8ਫਿਰ ਤੁਸੀਂ ਕੀ ਵੇਖਣ ਨਿੱਕਲੇ ਸਾਓ? ਕੀ ਮਹੀਨ ਬਸਤਰ ਪਹਿਨੇ ਹੋਏ ਇਕ ਮਨੁੱਖ ਨੂੰ? ਵੇਖੋ ਉਹ ਜਿਹੜੇ ਮਹੀਨ ਬਸਤਰ ਪਹਿਨਦੇ ਹਨ ਰਾਜਿਆਂ ਦੇ ਮਹਿਲਾਂ ਵਿਚ ਹਨ। 9ਫੇਰ ਤੁਸੀਂ ਕਾਹਨੂੰ ਨਿੱਕਲੇ ਸਾਓ? ਕੀ ਇਕ ਨਬੀ ਦੇ ਵੇਖਣ ਨੂੰ? ਹਾਂ, ਮੈਂ ਤੁਹਾਨੂੰ ਆਖਦਾ ਹਾਂ ਸਗੋਂ ਨਬੀ ਨਾਲੋਂ ਵੀ ਵੱਡਾ। 10ਇਹ ਉਹੋ ਹੈ ਜਿਹ ਦੇ ਹੱਕ ਵਿਚ ਲਿਖਿਆ ਹੋਇਆ ਹੈ।**

**ਕਿ ਵੇਖ ਮੈਂ ਆਪਣਾ ਦੂਤ ਤੇਰੇ ਅੱਗੇ ਘੱਲਦਾ ਹਾਂ, ਜਿਹੜਾ ਤੇਰੇ ਅੱਗੇ ਤੇਰਾ ਰਾਹ ਤਿਆਰ ਕਰੇਗਾ।**

**11ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਜਿਹੜੇ ਤੀਵੀਆਂ ਤੋਂ ਜੰਮੇ ਉਨ੍ਹਾਂ ਵਿੱਚੋਂ ਯੂਹੰਨਾ ਬਪਤਿਸਮਾ ਦੇਣ ਵਾਲੇ ਨਾਲੋਂ ਵੱਡਾ ਕੋਈ ਵੀ ਨਾ ਉੱਠਿਆਂ ਪਰ ਜੋ ਸੁਰਗ ਦੇ ਰਾਜ ਵਿਚ ਛੋਟਾ ਹੈ ਸੋ ਉਸ ਤੋਂ ਵੱਡਾ ਹੈ। 12ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਦਿਨਾਂ ਤੋਂ ਹੁਣ ਤੋੜੀ ਸੁਰਗ ਦੇ ਰਾਜ ਉੱਤੇ ਜ਼ੋਰ ਮਾਰਿਆ ਜਾਂਦਾ ਹੈ ਅਤੇ ਜ਼ੋਰ ਮਾਰਨ ਵਾਲੇ ਉਸ ਨੂੰ ਖੋਹ ਲੈਂਦੇ ਹਨ। 13ਕਿਉਂ ਜੋ ਸਾਰੇ ਨਬੀ ਅਤੇ ਤੁਰੇਤ ਯੂਹੰਨਾ ਤੀਕਰ ਅਗੰਮ ਵਾਕ ਕਰਦੇ ਸਨ। 14ਅਤੇ ਆਉਣ ਵਾਲਾ ਏਲੀਯਾਹ ਇਹੋ ਹੈ। ਚਾਹੋ ਤਾਂ ਮੰਨੋ। 15ਜਿਹ ਦੇ ਸੁਣਨ ਦੇ ਕੰਨ ਹੋਣ ਸੋ ਸੁਣੇ**

**ਆਇਤ 7.** ਯਿਸੂ ਦਾ ਜਵਾਬ ਸੁਣਨ ਦੇ ਬਾਅਦ ਯੂਹੰਨਾ ਦੇ ਭੇਜੇ ਇਹ ਦੂਤ ਉੱਥੋਂ ਚਲੇ ਗਏ । ਫਿਰ **ਯਿਸੂ** ਨੇ ਭੀੜ ਵੱਲ ਮੂੰਹ ਕਰਦਿਆਂ ਉਨ੍ਹਾਂ ਕੋਲੋਂ ਪੁੱਛਿਆ, **''ਤੁਸੀਂ ਉਜਾੜ ਵਿਚ ਕੀ ਵੇਖਣ ਨਿੱਕਲੇ ਸਾਓ? ਕੀ ਇਕ ਕਾਨੇ ਨੂੰ ਜਿਹੜਾ ਹਵਾ ਨਾਲ ਹਿੱਲਦਾ ਹੈ?''** ਯਹੂਦੀਆਂ ਦੀ ਭੀੜ ਯੂਹੰਨਾ ਦਾ ਪ੍ਰਚਾਰ ਸੁਣਨ ਅਤੇ ਉਸ ਤੋਂ ਬਪਤਿਸਮਾ ਲੈਣ ਲਈ ਊਬੜ ਖਾਬੜ ਪਹਾੜੀਆਂ ਉੱਤੋਂ

ਦੀ ਕਈ ਕਈ ਮੀਲ ਚੱਲ ਕੇ ਆਉਂਦੀ ਸੀ (3:5, 6)। ਜ਼ਾਹਿਰ ਹੈ ਕਿ ਯੂਹੰਨਾ ਹਵਾ ਨਾਲ ਹਿੱਲਣ ਵਾਲਾ ਕਾਨਾ ਨਹੀਂ ਸੀ ਜਿਹੜਾ ਹਰ ਬੁੱਲੇ ਨਾਲ ਕੰਬਦਾ ਤੇ ਹਿੱਲਦਾ ਰਹੇ। ਇਸ ਦੀ ਥਾਂ ਯੂਹੰਨਾ ਪੱਕੇ ਵਿਸ਼ਵਾਸ ਨਾਲ ਅਤੇ ਹਿੰਮਤ ਨਾਲ ਭਰਿਆ ਸੀ। ਉਸ ਨੇ ਫ਼ਰੀਸੀਆਂ ਅਤੇ ਸਦੂਕੀਆਂ ਨੂੰ ਉਨ੍ਹਾਂ ਦੇ ਕਪਟ ਲਈ ਬੇਧੜਕ ਹੋ ਕੇ ਝਾੜ ਦਿੱਤਾ ਸੀ (3:7–10)। ਇਸ ਨਾਲੋਂ ਵੀ ਵਧ ਕੇ ਉਸ ਨੇ ਹੇਰੋਦੇਸ ਅੰਤਿਪਾਸ ਵੱਲੋਂ ਨਾਜਾਇਜ਼ ਵਿਆਹ ਕਰਨ ਤੇ ਉਸ ਦਾ ਵੀ ਸਾਹਮਣਾ ਕੀਤਾ ਸੀ। ਅਸਲ ਵਿਚ ਉਸ ਨੂੰ ਜੇਲ੍ਹ ਵਿਚ ਸੁੱਟੇ ਜਾਣ ਦਾ ਕਾਰਣ (14:3–5) ਇਹੀ ਸੀ।

**ਆਇਤ 8.** ਫਿਰ ਯਿਸੂ ਨੇ ਲੋਕਾਂ ਤੋਂ ਪੁੱਛਿਆ ਕਿ ਭਲਾ ਉਹ ਉਜਾੜ ਵਿਚ **ਮਹੀਨ ਬਸਤਰ ਪਹਿਨੇ ਹੋਏ ਇਕ ਮਨੁੱਖ ਨੂੰ** ਵੇਖਣ ਗਏ ਸਾਓ। ‘‘ਮਹੀਨ ਵਸਤਰ’’ (*malakos*) ਦਾ ਅਨੁਵਾਦ ਵੱਖੋ ਵੱਖ ਤਰ੍ਹਾਂ ਨਾਲ ‘‘ਕੀਮਤੀ ਕੱਪੜੇ’’ (NLT), ‘‘ਫ਼ੈਂਸੀ ਕਪੜੇ’’ (TEV), ‘‘ਸਿਲਕ ਅਤੇ ਸਾਟਨ’’ (NEB) ਦੇ ਰੂਪ ਵਿਚ ਕੀਤਾ ਗਿਆ ਹੈ। ਹਰੇਕ, ਸਵਾਲ ਦਾ ਜਵਾਬ ਸਾਫ਼ ਸੀ ‘‘ਨਹੀਂ।’’ ਇਸ ਦੇ ਉਲਟ ਯੂਹੰਨਾ ‘‘ਊਠ ਦੇ ਵਾਲ’’ ਪਾਏ ਹੋਏ ਸੀ ਅਤੇ ‘‘ਚੰਮ ਦੀ ਪੇਟੀ ਲੱਕ ਦੇ ਦੁਆਲੇ’’ ਬੰਨ੍ਹਦਾ ਸੀ (3:4)। ਉਸ ਦਾ ਲਿਬਾਸ ਇਕ ਨਬੀ (2 ਰਾਜਿਆਂ 1:8; ਜ਼ਕਰਯਾਹ 13:4) ਅਤੇ ਮੰਗਤੇ ਵਾਲਾ ਸੀ।[7]

ਫਿਰ ਯਿਸੂ ਨੇ ਧਿਆਨ ਦੁਆਇਆ, **‘‘ਵੇਖੋ ਉਹ ਜਿਹੜੇ ਮਹੀਨ ਬਸਤਰ ਪਹਿਨਦੇ ਹਨ ਰਾਜਿਆਂ ਦੇ ਮਹਿਲਾਂ ਵਿਚ ਹਨ!’’** ਅਜਿਹੇ ਲੋਕਾਂ ਦਾ ਸ਼ੁਮਾਰ ਰਾਜਿਆਂ ਵਿਚ ਹੁੰਦਾ ਸੀ ਜਿਹੜੇ ਆਪਣੇ ਸ਼ਾਹੀ ਦਰਬਾਰਾਂ ਦੇ ਨਾਲ–ਨਾਲ ਆਪਣੀ ਤਾਰੀਫ਼ ਲਈ ਮਸ਼ਹੂਰ ਸਨ, ਜੋ ਆਪਣੀ ਖੁਸ਼ਾਮਦ ਅਤੇ ਨੈਤਿਕ ਸਮਝੌਤੇ ਲਈ ਜਾਣੇ ਜਾਂਦੇ ਸਨ। ਇਹ ਖੂਬੀਆਂ ਉਹੀ ਸਨ ਜਿਨ੍ਹਾਂ ਦਾ ਯੂਹੰਨਾ ਨੇ ਵਿਰੋਧ ਕੀਤਾ ਸੀ।

**ਆਇਤਾਂ 9, 10.** ਸਵਾਲਾਂ ਦੀ ਆਪਣੀ ਤੀਜੀ ਲੜੀ ਵਿਚ, ਯਿਸੂ ਨੇ ਪੁੱਛਿਆ, **‘‘ਫਿਰ ਤੁਸੀਂ ਕਾਹਨੂੰ ਨਿੱਕਲੇ ਸਾਓ? ਕੀ ਇਕ ਨਬੀ ਦੇ ਵੇਖਣ ਨੂੰ?’’** ਇਸ ਮਾਮਲੇ ਵਿਚ ਜਵਾਬ ਬਿਲਕੁਲ ਪੱਕਾ ਸੀ। ਯੂਹੰਨਾ ਅਸਲ ਵਿਚ **ਨਬੀ** ਸੀ ਬਲਕਿ ਉਹ **ਨਬੀ ਨਾਲੋਂ ਵੀ ਵੱਡਾ** ਸੀ।

ਯੂਹੰਨਾ ਉਹੀ ਸੀ ਜਿਸ ਦੇ ਆਉਣ ਅਤੇ ਮਸੀਹਾ ਦਾ ਰਾਹ ਤਿਆਰ ਕਰਨ ਦੀ ਨਬੂਵਤ ਕੀਤੀ ਗਈ ਸੀ, ਜਿਵੇਂ ਕਿ ਮਲਾਕੀ ਵਿੱਚੋਂ ਯਿਸੂ ਦੇ ਦੁਹਰਾਉਣ ਤੋਂ ਪਤਾ ਲਗਦਾ ਹੈ (ਮਲਾਕੀ 3:1)।[8] ਉਹ ਆਉਣ ਵਾਲਾ ਏਲੀਯਾਹ ਸੀ (ਮਲਾਕੀ 4:5; ਮੱਤੀ 11:14)।

**ਆਇਤ 11.** ਯਿਸੂ ਨੇ ਕਿਹਾ ਕਿ **ਜਿਹੜੇ ਤੀਵੀਆਂ ਤੋਂ ਜੰਮੇ ਉਨ੍ਹਾਂ ਵਿੱਚੋਂ ਯੂਹੰਨਾ ਨਾਲੋਂ ਵੱਡਾ** ਕੋਈ ਨਹੀਂ ਸੀ। ‘‘ਜਿਹੜੇ ਤੀਵੀਆਂ ਤੋਂ ਜੰਮੇ’’ ਵਾਕਅੰਸ਼ ਇਕ ਇਬਰਾਨੀ ਅਖਾਣ ਹੈ ਜਿਸ ਤੋਂ ਭਾਵ ‘‘ਮਨੁੱਖ ਜਾਤੀ’’ ਹੈ (ਵੇਖੋ ਅੱਯੂਬ 14:1; 15:14; 25:4)। ਮਸੀਹਾ ਦੇ ਅੱਗੇ ਆਉਣ ਵਾਲੇ ਦੀ ਆਪਣੀ ਭੂਮਿਕਾ ਦੀ ਖੂਬੀ ਦੇ ਰਾਹੀਂ ਉਹ ਸਭ ਤੋਂ ਵੱਡਾ ਆਦਮੀ ਹੈ (ਵੇਖੋ ਲੂਕਾ 1:15)। ਬੇਸ਼ੱਕ ਇਸ ਵਾਕ ਵਿਚ ਯਿਸੂ ਨਹੀਂ ਆਉਂਦਾ ਕਿਉਂ ਜੋ ਉਹ ਆਪ ਮਸੀਹਾ ਹੈ। ਉਹ ਵੀ ‘‘ਤੀਵੀਂ ਤੋਂ ਜੰਮਿਆ’’ ਸੀ (ਗਲਾਤੀਆਂ 4:4), ਭਾਵੇਂ ਉਸ ਦਾ ਜਨਮ ਮੋਅਜਜ਼ੇ ਦੇ ਰਾਹੀਂ ਗਰਭ ਵਿਚ ਆਉਣ ਨਾਲ ਹੋਇਆ (1:20 ਤੇ ਟਿੱਪਣੀਆਂ ਵੇਖੋ)।

ਯਿਸੂ ਨੇ ਅੱਗੇ ਆਖਿਆ, **‘‘ਪਰ ਜੋ ਸੁਰਗ ਦੇ ਰਾਜ ਵਿਚ ਛੋਟਾ ਹੈ ਸੋ ਉਸ ਤੋਂ ਵੱਡਾ ਹੈ।’’**[9] ਇਹ ਕਿਵੇਂ ਹੋ ਸਕਦਾ ਹੈ? ਬੇਸ਼ੱਕ ਯੂਹੰਨਾ ਦਾ ਪ੍ਰਚਾਰ ਸੀ ਕਿ ਸੁਰਗ ਦਾ ਰਾਜ ਨੇੜੇ ਹੈ, ਪਰ ਉਹ ਆਪ ਰਾਜ ਦਾ ਬਾਸ਼ਿੰਦਾ ਬਿਲਕੁਲ ਨਹੀਂ ਸੀ। ਉਸ ਦੀ ਮੌਤ ਪੈਂਟੀਕਾਸਟ ਵਾਲੇ ਦਿਨ ਇਸ ਦੇ ਕਾਇਮ ਹੋਣ ਤੋਂ ਪਹਿਲਾਂ ਹੀ ਹੋ ਗਈ ਸੀ। ਮਸੀਹੀ ਯੁੱਗ ਵਿਚ ਯੂਹੰਨਾ ਨੂੰ ਮਿਲੀਆਂ ਬਰਕਤਾਂ ਅਤੇ ਖ਼ਾਸ ਹੱਕਾਂ ਨਾਲੋਂ ਕਿਤੇ ਵਧ ਕੇ ਹੈ।[10]

**ਆਇਤ 12. ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਦਿਨਾਂ ਤੋਂ ਹੁਣ ਤੋੜੀ ਸੁਰਗ ਦੇ ਰਾਜ ਉੱਤੇ ਜ਼ੋਰ ਮਾਰਿਆ ਜਾਂਦਾ ਹੈ ਅਤੇ ਜ਼ੋਰ ਮਾਰਨ ਵਾਲੇ ਉਸ ਨੂੰ ਖੋਹ ਲੈਂਦੇ ਹਨ।** ਇਹ ਕਿਵੇਂ ਹੋ ਸਕਦਾ ਸੀ

ਕਿ ਇਕ ਰਾਜ ਜਿਹੜਾ ਅਜੇ ਹੈ ਹੀ ਨਹੀਂ ਸੀ, ''ਯੂਹੰਨਾ ਦਾ ਬਪਤਿਸਮਾ ਦੇਣ ਵਾਲੇ ਦੇ ਦਿਨਾਂ ਤੋਂ ਹੁਣ ਤੋੜੀ'' ਉਸ ਵਿਚ ਮਾਰਕੁੱਟ ਹੋ ਰਹੀ ਹੋਵੇ? ਰਾਜ ਭਾਵੇਂ ਅਜੇ ਆਇਆ ਨਹੀਂ ਸੀ ਪਰ ਇਹ ਆਪਣੀ ਤਿਆਰੀ ਦੇ ਚਰਣ ਵਿਚ ਸੀ। ''ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਦਿਨਾਂ ਤੋਂ'' ਉਸ ਦੀ ਆਮ ਸੇਵਕਾਈ ਦੇ ਕਾਲ ਦੀ ਗੱਲ ਹੈ। ਯੂਹੰਨਾ ਦੇ ਸੰਦੇਸ਼ ਨਾਲ ਵੈਰ ਕੀਤਾ ਜਾ ਰਿਹਾ ਸੀ ਅਤੇ ਛੇਤੀ ਹੀ ਦੁਸ਼ਟਾਂ ਦੇ ਹੱਥੋਂ ਹਿੰਸਕ ਢੰਗ ਨਾਲ ਉਸ ਦਾ ਅੰਤ ਕਰਨ ਲਈ ਉਸ ਦੀ ਜਾਨ ਲੈ ਲੈਣੀ ਸੀ (14:3–12)। ਯਿਸੂ ਨੇ ਆਪਣੇ ਰਸੂਲਾਂ ਨੂੰ ਉਨ੍ਹਾਂ ਦੇ ਸੰਦੇਸ਼ ਨਾਲ ਹੋਣ ਵਾਲੀ ਕੁਝ ਲੋਕਾਂ ਦੀ ਹਿੰਸਾ ਭਰੀ ਪ੍ਰਤੀਕਿਰਿਆ ਤੋਂ ਖ਼ਬਰਦਾਰ ਕੀਤਾ (10:16–20)। ਉਸ ਦੀ ਸੇਵਕਾਈ ਦਾ ਹਿੰਸਕ ਵਿਰੋਧ ਹੋਇਆ ਅਤੇ ਅਖ਼ੀਰ ਉਸ ਦੀ ਮੌਤ ਨਾਲ ਖ਼ਤਮ ਹੋਇਆ (26:55–57, 65–68; 27:26, 30, 33–35, 50)।

ਇਸ ਆਇਤ ਦੇ ਕੁਝ ਭਾਗਾਂ ਦੀ ਵਿਆਖਿਆ ਕਰਨੀ ਮੁਸ਼ਕਿਲ ਹੈ। ''ਖੋਹ ਲੈਂਦੇ ਹਨ'' ਦੇ ਯੂਨਾਨੀ ਰੂਪ (*biazo* ਤੋਂ) ਦਾ ਅਨੁਵਾਦ ਕਰਮਵਾਚ ਜਾਂ ਮੱਧਮ ਸੁਰ ਦੇ ਰੂਪ ਵਿਚ ਹੋ ਸਕਦਾ ਹੈ। ਜੇ ਇਸ ਕਰਮ ਵਾਚ (''ਖੋਹ ਲੈਂਦੇ'') ਦੇ ਰੂਪ ਵਿਚ ਵੇਖਿਆ ਜਾਵੇ ਤਾਂ ਇਸ ਦਾ ਮਤਲਬ ਹੈ ਕਿ ਯੂਹੰਨਾ ਅਤੇ ਯਿਸੂ ਦਾ ਵਿਰੋਧ ਕਰਨ ਵਾਂਗ ਹੀ ਰਾਜ ਦੇ ਵਿਰੋਧ ਦੀ ਹਿੰਸਾ ਬਾਹਰੋਂ ਹੋਣੀ ਸੀ। ਜੇ ਇਸ ਨੂੰ ਮੱਧਮ ਸੁਰ ਵਿਚ ਪੜ੍ਹੀਏ (''ਜ਼ੋਰ ਨਾਲ ਆ ਰਿਹਾ ਹੈ'') ਤਾਂ ਇਸ ਦਾ ਮਤਲਬ ਹੈ ਕਿ ਰਾਜ ਨੂੰ ਭਾਵੇਂ ਲਿਆਂਦਾ ਤਾਂ ਜਾ ਰਿਹਾ ਹੈ ਪਰ ਲੋਕ ਇਸ ਵਿਚ ਆਪਣਾ ਤਰੀਕਾ ਲਿਆ ਰਹੇ ਹਨ।

ਇਹ ਦੂਜਾ ਦ੍ਰਿਸ਼ ਰਾਜ ਨੂੰ ''ਘੇਰਾਬੰਦੀ ਕੀਤੇ ਹੋਏ ਨਗਰ'' ਦੇ ਰੂਪ ਵਿਚ ਵਿਖਾਉਂਦਾ ਹੈ, ਜਿਸ ਵਿਚ ਲੋਕ ਇਸ ਦੀ ਸ਼ਹਿਰਪਨਾਹ ਉੱਤੇ ਹਮਲਾ ਕਰਦੇ ਹੋਏ ਜ਼ਬਰਦਸਤੀ ਇਸ ਵਿਚ ਵੜ ਰਹੇ ਹਨ। ਰਾਜ ਨੂੰ ਭਾਵੇਂ ਗਲਤ ਸਮਝਿਆ ਜਾਂਦਾ ਹੋਵੇ ਪਰ ਇਸ ਦਾ ਸੁਆਗਤ ਬੜੀ ਤਾਂਘ ਨਾਲ ਕੀਤਾ ਜਾਂਦਾ ਹੈ। ਕਈਆਂ ਨੇ ਤਾਂ ਇਸ ਦੇ ਅਚਾਨਕ ਆਉਣ ਦੀ ਕਾਹਲੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਹੋਰਨਾਂ ਨੇ ਇਸ ਵਿਚ ਤਰਜੀਹ ਵਿਚ ਆਪਣਾ ਜ਼ੋਰ ਲਾਉਣਾ ਚਾਹਿਆ ਹੈ (20:21; ਲੂਕਾ 16:16; 19:11; 22:24–30; ਯੂਹੰਨਾ 6:15; ਰਸੂਲਾਂ ਦੇ ਕੰਮ 1:6)। ਇਨ੍ਹਾਂ ਵਿਆਖਿਆਵਾਂ ਵਿੱਚੋਂ ਪਹਿਲੀ ਵਿਆਖਿਆ ਨਕਾਰਾਤਮਕ ਹੈ ਅਤੇ ਦੂਜੀ ਵਿਆਖਿਆ ਸਕਾਰਾਤਮਕ ਹੈ। ਰਾਜ ਦਾ ਜ਼ੋਰ ਨਾਲ ਆਉਣਾ ਹੀ ਇਸ ਦਾ ਅਰਥ ਹੋ ਸਕਦਾ ਹੋਵੇਗਾ।

**ਆਇਤ 13.** ਇੱਥੇ ਯਿਸੂ ਨੇ ਪੁਰਾਣੇ ਨੇਮ ਵਿਚ ਨਿਭਾਈ ਗਈ ਬਦਲਾਅ ਦੀ **ਯੂਹੰਨਾ** ਦੀ ਭੂਮਿਕਾ ਉੱਤੇ ਜ਼ੋਰ ਦਿੱਤਾ। **ਸਾਰੇ ਨਬੀ ਅਤੇ ਤੁਰੇਤ** ਵਾਕਅੰਸ਼ ਦੀ ਵਰਤੋਂ ਕਰਦਿਆਂ ਉਸ ਨੇ ''ਤੁਰੇਤ ਅਤੇ ਨਬੀਆਂ'' ਦੀ ਆਮ ਤਰਤੀਬ ਨੂੰ ਉਲਟ ਦਿੱਤਾ (ਵੇਖੋ 5:17; 7:12; 22:40)। ਇਹ ਇਸ ਹਕੀਕਤ ਨੂੰ ਸਾਹਮਣੇ ਲਿਆਉਣ ਲਈ ਕੀਤਾ ਗਿਆ ਹੋਵੇਗਾ ਕਿ ਯੂਹੰਨਾ ਨਬੂਵਤ ਦਾ ਪੂਰਾ ਹੋਣਾ ਹੀ ਸੀ। ਨਬੀਆਂ ਦੀ ਪੁਕਾਰ ਤਕਰੀਬਨ ਚਾਰ ਸੌ ਸਾਲਾਂ ਤਕ ਖਾਮੋਸ਼ ਰਹੀ ਸੀ। ਪੁਰਾਣੇ ਨੇਮ ਦੇ ਆਖਰੀ ਨਬੀ ਮਲਾਕੀ ਨੇ ਯੂਹੰਨਾ ਦੇ ਆਉਣ ਦੀ ਭਵਿੱਖਬਾਣੀ ਕੀਤੀ ਸੀ (11:9, 10 ਤੇ ਟਿੱਪਣੀਆਂ ਵੇਖੋ)। ਰਲ ਕੇ ਨਬੀਆਂ ਨੇ ਯੂਹੰਨਾ ਦੇ ਆਉਣ ਦੇ ਆਲੇ ਦੁਆਲੇ ਹੋਣ ਵਾਲੀਆਂ ਘਟਨਾਵਾਂ ਵੱਲ ਧਿਆਨ ਦੁਆਇਆ ਸੀ ਉਹ ''ਉਜਾੜ ਵਿਚ ਇਕ ਹੌਕਾ ਦੇਣ ਵਾਲੇ ਦੀ ਅਵਾਜ਼'' ਸੀ ਕਿ ''ਪ੍ਰਭੂ ਦੇ ਰਸਤੇ ਨੂੰ ਤਿਆਰ ਕਰੋ, ਉਹਦੇ ਰਾਹਾਂ ਨੂੰ ਸਿੱਧੇ ਕਰੋ'' (3:3; ਵੇਖੋ 40:3)। ਯੂਹੰਨਾ ਦੇ ਅਤੇ ਉਸ ਦੇ ਬਾਅਦ ਆਉਣ ਵਾਲੇ ਦੇ ਆਉਣ ਨਾਲ ਉਹ ਸਭ ਨਬੂਵਤਾਂ ਪੂਰੀਆਂ ਹੋ ਜਾਣੀਆਂ ਸਨ। ਤੁਰੇਤ ਅਤੇ ਨਬੀਆਂ ਵਿਚ ਰਾਜ ਦੇ ਆਉਣ ਦੀ ਨਬੂਵਤ ਵੀ ਸੀ (ਦਾਨੀਏਲ 2:44), ਜਿਸ ਦੇ ''ਨੇੜੇ'' ਹੋਣ ਦਾ ਪ੍ਰਚਾਰ ਯੂਹੰਨਾ ਅਤੇ ਯਿਸੂ ਦੋਹਾਂ ਨੇ ਕੀਤਾ (3:2; 4:17)।

**ਆਇਤ 14.** ਯਿਸੂ ਨੇ ਯੂਹੰਨਾ ਨੂੰ ''ਆਉਣ ਵਾਲਾ ਏਲੀਯਾਹ'' ਦੱਸਿਆ। ਇਹ ਮਲਾਕੀ 4:5 ਦਾ ਪੂਰਾ ਹੋਣਾ ਸੀ ਕਿ ''ਵੇਖੋ, ਮੈਂ ਏਲੀਯਾਹ ਨਬੀ ਨੂੰ ਤੁਹਾਡੇ ਲਈ ਘੱਲਾਂਗਾ। ਇਸ ਤੋਂ ਪਹਿਲਾਂ

ਕਿ ਯਹੋਵਾਹ ਦਾ ਵੱਡਾ ਅਤੇ ਭੈਅ ਦਾਇਕ ਦਿਨ ਆਵੇ।'' ਇਸੇ ਨਬੂਵਤ ਅਤੇ ਇਸੇ ਤੱਥ ਦੇ ਅਧਾਰ ਤੇ ਕਿ ਏਲੀਯਾਹ ਨੂੰ ਸਰੀਰਕ ਮੌਤ ਨਹੀਂ ਆਈ ਸੀ (2 ਰਾਜਿਆਂ 2:11, 12), ਯਹੂਦੀ ਲੋਕਾਂ ਨੂੰ ਇਹ ਉਮੀਦ ਸੀ ਕਿ ਉਹ ਸਰੀਰਕ ਰੂਪ ਵਿਚ ਧਰਤੀ ਉੱਤੇ ਮੁੜ ਆਵੇਗਾ।[11] ਯੂਹੰਨਾ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਹ ਅਸਲ ਵਿਚ ਏਲੀਯਾਹ ਹੈ (ਯੂਹੰਨਾ 1:21), ਪਰ ਯਿਸੂ ਨੇ ਉਸ ਦੀ ਪਛਾਣ ਮਲਾਕੀ ਵਿਚਲੀ ਨਬੂਵਤ ਵਾਲੇ ''ਏਲੀਯਾਹ'' ਦੇ ਰੂਪ ਵਿਚ ਕੀਤੀ (ਵੇਖੋ 17:10–13; ਮਰਕੁਸ 9:11–13)। ਯੂਹੰਨਾ ਅਸਲ ਵਿਚ ''ਏਲੀਯਾਹ ਦੇ ਆਤਮਾ ਅਰ ਬਲ ਨਾਲ'' ਆਇਆ ਸੀ (ਲੂਕਾ 1:17)।

ਯਿਸੂ ਨੇ ਇਸ ਗੱਲ ਨੂੰ ਸਮਝਿਆ ਕਿ ਹਰ ਕੋਈ ਨਹੀਂ **ਮੰਨੇਗਾ** ਕਿ ਯੂਹੰਨਾ ''ਏਲੀਯਾਹ'' ਹੀ ਸੀ। ਏਲੀਯਾਹ ਦੇ ਸਰੀਰਕ ਰੂਪ ਵਿਚ ਵਾਪਸ ਆਉਣ ਦੀਆਂ ਉਨ੍ਹਾਂ ਦੀਆਂ ਆਪਣੀਆਂ ਧਾਰਨਾਵਾਂ ਨਾਲ ਇਹ ਤੱਥ ਵੀ ਜੁੜਿਆ ਹੋਇਆ ਸੀ ਕਿ ਯੂਹੰਨਾ ਜੇਲ੍ਹ ਵਿਚ ਸੀ ਅਤੇ ਇਹੀ ਉਨ੍ਹਾਂ ਲਈ ਸਮਝਣਾ ਮੁਸ਼ਕਿਲ ਰਿਹਾ ਹੋਵੇਗਾ। ਉਸ ਦੀ ਪਛਾਣ ਨੂੰ ਕਬੂਲ ਕਰਨ ਵਿਚ ਇਹ ਗੱਲਾਂ ਠੋਕਰ ਦਾ ਕਾਰਣ ਬਣੀਆਂ ਰਹੀਆਂ ਹੋਣਗੀਆਂ (11:6 ਤੇ ਟਿੱਪਣੀਆਂ ਵੇਖੋ)।

**ਆਇਤ 15.** ਯਿਸੂ ਨੇ ਆਪਣੇ ਸੁਣਨ ਵਾਲਿਆਂ ਦੇ ਸੁਣਨ ਲਈ ਸਮਝਾਉਂਦਿਆਂ ਆਪਣੀ ਗੱਲ ਪੂਰੀ ਕੀਤੀ ਕਿ **''ਜਿਹ ਦੇ ਸੁਣਨ ਦੇ ਕੰਨ ਹੋਣ ਸੋ ਸੁਣੇ।''** ਉਸ ਦੀ ਗੱਲ ਅਤੇ ਅਜਿਹੀਆਂ ਹੋਰ ਗੱਲਾਂ ਇੰਜੀਲ ਦੇ ਸਹਿਦਰਸ਼ੀ ਵਿਰਤਾਂਤਾਂ ਵਿਚ ਅਤੇ ਪ੍ਰਕਾਸ਼ ਦੀ ਪੋਥੀ ਵਿਚ ਮਿਲਦੀਆਂ ਹਨ (13:9, 43; ਮਰਕੁਸ 4:9, 23; ਲੂਕਾ 8:8; 14:35; ਪ੍ਰਕਾਸ਼ ਦੀ ਪੋਥੀ 2:7, 11, 17, 29; 3:6, 13, 22; 13:9)। ਸਿਰਫ਼ ਸਾਫ਼ ਸਾਫ਼ ਬੋਲੇ ਗਏ ਸ਼ਬਦ ਹੀ ਸੁਣੇ ਜਾਣਾ ਜ਼ਰੂਰੀ ਨਹੀਂ ਹੈ, ਬਲਕਿ ਆਗਿਆਕਾਰੀ ਵਿਸ਼ਵਾਸ ਦੇ ਰਾਹੀਂ ਆਪਣੀ ਜ਼ਿੰਦਗੀ ਨੂੰ ਬਦਲ ਦੇਣਾ ਵੀ ਲਾਜ਼ਮੀ ਹੈ।

## ਯੂਹੰਨਾ ਅਤੇ ਯਿਸੂ ਨੂੰ ਲੋਕਾਂ ਦਾ ਜਵਾਬ (11:16-19)

**16 ''ਪਰ ਮੈਂ ਇਸ ਪੀੜ੍ਹੀ ਦੇ ਲੋਕਾਂ ਨੂੰ ਕਿਹਦੇ ਵਰਗਾ ਦੱਸਾਂ? ਇਹ ਉਨ੍ਹਾਂ ਨੀਂਗਰਾਂ ਵਰਗੇ ਹਨ ਜਿਹੜੇ ਬਾਜ਼ਾਰਾਂ ਵਿਚ ਬੈਠੇ ਆਪਣੇ ਸਾਥੀਆਂ ਨੂੰ ਅਵਾਜ਼ ਮਾਰ ਕੇ ਆਖਦੇ ਹਨ, 17ਅਸਾਂ ਤੁਹਾਡੇ ਲਈ ਬੌਂਸਰੀ ਬਜਾਈ, ਪਰ ਤੁਸੀਂ ਨਾ ਨੱਚੇ। ਅਸਾਂ ਸਿਆਪਾ ਕੀਤਾ, ਪਰ ਤੁਸੀਂ ਨਾ ਪਿੱਟੇ। 18ਕਿਉਂ ਜੋ ਯੂਹੰਨਾ ਨਾ ਖਾਂਦਾ ਨਾ ਪੀਂਦਾ ਆਇਆ ਅਤੇ ਉਹ ਆਖਦੇ ਹਨ ਜੋ ਉਹ ਦੇ ਨਾਲ ਇਕ ਭੂਤ ਹੈ। 19ਮਨੁੱਖ ਦਾ ਪੁੱਤਰ ਖਾਂਦਾ ਪੀਂਦਾ ਆਇਆ ਅਤੇ ਉਹ ਆਖਦੇ ਹਨ, ਵੇਖੋ ਇਕ ਖਾਊ ਅਤੇ ਸ਼ਰਾਬੀ ਮਨੁੱਖ ਮਸੂਲੀਆਂ ਅਰ ਪਾਪੀਆਂ ਦਾ ਯਾਰ। ਸੋ ਗਿਆਨ ਆਪਣੇ ਕਰਮਾਂ ਤੋਂ ਸੱਚਾ ਠਹਿਰਿਆ!''**

**ਆਇਤ 16.** ਯਿਸੂ ਨੇ ਪੁੱਛਿਆ, ''ਮੈਂ ਇਸ ਪੀੜ੍ਹੀ ਦੇ ਲੋਕਾਂ ਨੂੰ ਕਿਹਦੇ ਵਰਗਾ ਦੱਸਾਂ?'' ''ਪੀੜ੍ਹੀ'' (*genea*) ਸ਼ਬਦ ਇਕ ਖ਼ਾਸ ਸਮੇਂ ਵਿਚ ਰਹਿਣ ਵਾਲੇ ਲੋਕਾਂ ਲਈ ਹੈ। ਯਿਸੂ ਆਮ ਤੌਰ ਤੇ ਆਪਣੇ ਸਮਕਾਲੀਆਂ ਲਈ ਅਤੇ ਖ਼ਾਸ ਕਰਕੇ ਉਸ ਨੂੰ ਠੁਕਰਾਉਣ ਵਾਲਿਆਂ ਲਈ ਇਸੇ ਸ਼ਬਦ ਦੀ ਵਰਤੋਂ ਕਰਦਾ ਸੀ (12:39, 41, 42, 45; 16:4; 17:17; 23:36; 24:34)। ਇਸ ਸੰਦਰਭ ਵਿਚ ਉਸ ਨੇ ਆਪਣੇ ਸਮੇਂ ਦੇ ਲੋਕਾਂ ਨੂੰ **ਨੀਂਗਰਾਂ** ਭਾਵ ਬੱਚਿਆਂ ਨਾਲ ਮਿਲਾਇਆ ਜਿਹੜੇ ਈਮਾਨ ਵਿਚ ਕੱਚੇ ਸਨ। ਉਹ ਉਨ੍ਹਾਂ ਬੱਚਿਆਂ ਵਰਗੇ ਸਨ ਜਿਹੜੇ **ਬਜ਼ਾਰਾਂ** ਵਿਚ ਗੇਮਾਂ ਖੇਡਦੇ ਹਨ, ਜਦਕਿ ਉਨ੍ਹਾਂ ਦੇ ਮਾਪੇ ਖ਼ਰੀਦਦਾਰੀ ਕਰ ਰਹੇ ਜਾਂ ਆਪੋ ਵਿਚ ਮਿਲ ਰਹੇ ਹੁੰਦੇ ਹਨ।

**ਆਇਤ 17.** ਯਿਸੂ ਨੇ ਅਜਿਹੀਆਂ ਖੇਡਾਂ ਖੇਡਣ ਵਾਲੇ ਬੱਚਿਆਂ ਦੀ ਜਮਾਤ ਦੀ ਇਕ ਤਸਵੀਰ ਬਣਾਈ, ਜਿਹੜੇ ਆਪਣੇ ਦੋਸਤਾਂ ਨੂੰ ਸੱਦ ਰਹੇ, ਅਤੇ ਮਦਦ ਨਾ ਕਰਨ ਲਈ ਉਨ੍ਹਾਂ ਨੂੰ ਬੁਰਾ ਭਲਾ

ਆਖ ਰਹੇ ਹਨ। ਵਿਆਹ ਦੇ ਖੁਸ਼ੀ ਭਰੇ ਜਸ਼ਨ ਵਰਗੇ ਮੌਕਿਆਂ ਤੇ **ਬੌਂਸੁਰੀ ਵਜਾਈ** ਜਾਣ ਤੇ ਸਹਿਯੋਗ ਨਾ ਕਰਨ ਵਾਲੇ ਸਾਥੀ ਅੱਗੇ ਵੱਧ ਕੇ **ਨੱਚੇ** ਨਹੀਂ। ਖੇਡ ਬੰਦ ਕਰਕੇ ਜਦ ਉਹ ਜਨਾਜ਼ੇ ਤੇ **ਸਿਆਪਾ** ਕਰਨ ਲੱਗੇ ਤਾਂ ਇਨ੍ਹਾਂ ਦੋਸਤਾਂ ਨੇ ਉਦੋਂ ਵੀ ਸਹਿਯੋਗ ਨਹੀਂ ਕੀਤਾ ਭਾਵ ਉਹ ਨਹੀਂ **ਪਿੱਟੇ।** ਕਿਸੇ ਦੀ ਮੌਤ ਹੋ ਜਾਣ ਤੇ ਆਮ ਤੌਰ ਤੇ ਔਰਤਾਂ ਨੂੰ ਪੇਸ਼ੇਵਰ ਸਿਆਪਾ ਕਰਨ ਵਾਲੀਆਂ ਦੇ ਰੂਪ ਵਿਚ ਸੱਦਿਆ ਜਾਂਦਾ ਸੀ (9:23 ਤੇ ਟਿੱਪਣੀਆਂ ਵੇਖੋ)। ਇਸ ਦੇ ਇਲਾਵਾ ਜਨਾਜ਼ੇ ਵਿਚ ਨਾਲ ਜਾਣ ਵਾਲਿਆਂ ਤੋਂ ਉਸ ਪਿੱਟਣ ਵਿਚ ਸਹਿਯੋਗ ਕਰਨ ਦੀ ਉਮੀਦ ਕੀਤੀ ਜਾਂਦੀ ਸੀ।[12]

ਯੂਹੰਨਾ ਅਤੇ ਯਿਸੂ ਨੂੰ ਯਹੂਦੀਆਂ ਵੱਲੋਂ ਕਬੂਲ ਕੀਤੇ ਜਾਣ ਦੇ ਢੰਗ ਦੇ ਵੇਰਵੇ ਲਈ ਰੋਜ਼ਮੱਰਾ ਦੀ ਜ਼ਿੰਦਗੀ ਦੀ ਇਹ ਆਮ ਉਦਾਹਰਣ ਵਰਤੀ ਗਈ। ਉਨ੍ਹਾਂ ਨੇ ਖ਼ੁਦਾ ਦੇ ਇਨ੍ਹਾਂ ਦੂਤਾਂ ਵਿੱਚੋਂ ਕਿਸੇ ਨਾਲ ਵੀ ਸਹਿਯੋਗ ਨਹੀਂ ਕਰਨਾ ਸੀ।

**ਆਇਤ 18.** ਉਸ ਵਕਤ ਦੇ ਯਹੂਦੀ ਲੋਕ ਜਿਨ੍ਹਾਂ ਕੋਲ **ਯੂਹੰਨਾ** ਆਇਆ ਸੀ ਬਿਨਾਂ ਰੂਹਾਨੀ ਸਮਝਦੇ ਸਨ। ਉਨ੍ਹਾਂ ਨੇ ਆਪਣੀ ਖ਼ਾਸ ਅਤੇ ਸਖ਼ਤ ਜੀਵਨ–ਸ਼ੈਲੀ ਕਰਕੇ ਯੂਹੰਨਾ ਨੂੰ ਠੁਕਰਾ ਦਿੱਤਾ। ਯੂਹੰਨਾ **ਨਾ ਖਾਂਦਾ ਨਾ ਪੀਂਦਾ** ਸੀ ਜੋ ਇਸ ਗੱਲ ਵੱਲ ਧਿਆਨ ਦੁਆਉਂਦਾ ਹੈ ਕਿ ਉਹ ਦਾਖਰਸ ਨਹੀਂ ਪੀਂਦਾ ਸੀ (ਲੂਕਾ 1:15) ਅਤੇ ਉਸ ਦੀ ਖ਼ੁਰਾਕ ''ਟਿੱਡੀਆਂ ਅਤੇ ਜੰਗਲੀ ਸ਼ਹਿਦ'' ਸੀ (3:4)। ਉਸ ਨੇ ਆਪਣੇ ਚੇਲਿਆਂ ਨੂੰ ਰੋਜ਼ਾ ਰੱਖਣ ਲਈ ਵੀ ਕਿਹਾ ਸੀ (9:14)। ਉਸ ਵਕਤ ਦੇ ਲੋਕਾਂ ਨੇ ਬੇਹੱਦ ਸਖ਼ਤ ਅਤੇ ਸੰਜੀਦਾ ਹੋਣ ਕਰਕੇ ਉਸ ਦੇ ਸੰਦੇਸ਼ ਨੂੰ ਠੁਕਰਾ ਦਿੱਤਾ ਸੀ। ਉਸ ਨੇ ਉਨ੍ਹਾਂ ਨੂੰ ਠੰਡੇ ਨਹੀਂ ਹੋਣ ਦੇਣਾ ਸੀ ਬਲਕਿ ਉਸ ਨੇ ਲੋਕਾਂ ਨੂੰ ਤੌਬਾ ਕਰਨ ਅਤੇ ਬਪਤਿਸਮਾ ਲੈਣ ਲਈ ਆਖਿਆ ਸੀ (3:2, 6; ਮਰਕੁਸ 1:4)। ਜਿਸ ਕਰਕੇ ਉਨ੍ਹਾਂ ਨੇ ਉਸ ਉੱਤੇ **ਭੂਤ** ਚੰਬੜੇ ਹੋਣ ਦਾ ਇਲਜ਼ਾਮ ਲਾ ਦਿੱਤਾ ਸੀ।[13]

ਇਸ ਸਮੇਂ ਦੇ ਲੋਕਾਂ ਦੀ ਗੱਲ ਕਰਦਿਆਂ ਲਗਦਾ ਹੈ ਕਿ ਯਿਸੂ ਦੇ ਧਿਆਨ ਵਿਚ ਪਹਿਲਾਂ ਤੋਂ ਧਾਰਮਿਕ ਆਗੂ ਸਨ। ਲੂਕਾ ਦੇ ਸਹਿਦਰਸ਼ੀ ਵਿਰਤਾਂਤ ਵਿਚ ਬ੍ਰੈਕਟ ਵਿਚ ਟਿੱਪਣੀ ਹੈ ਜੋ ਆਮ ਲੋਕਾਂ ਨੂੰ (ਚੁੰਗੀ ਲੈਣ ਵਾਲਿਆਂ ਸਣੇ) ਜਿਨ੍ਹਾਂ ਨੇ ਯੂਹੰਨਾ ਦੇ ਬਪਤਿਸਮੇ ਨੂੰ ਮੰਨ ਲਿਆ ਸੀ, ਫ਼ਰੀਸੀਆਂ ਅਤੇ ਸ਼ਰ੍ਹਾ ਦੇ ਮੰਨਣ ਵਾਲਿਆਂ ਤੋਂ ਅੱਡ ਕਰਦੀ ਹੈ, ਜਿਨ੍ਹਾਂ ਨੇ ਬਪਤਿਸਮਾ ਲੈਣ ਤੋਂ ਇਨਕਾਰ ਕਰਕੇ ਆਪਣੀਆਂ ਜ਼ਿੰਦਗੀਆਂ ਲਈ ਖ਼ੁਦਾ ਦੀ ਮਰਜ਼ੀ ਨੂੰ ਰੱਦ ਦਿੱਤਾ ਸੀ (ਲੂਕਾ 7:29, 30; ਵੇਖੋ ਮੱਤੀ 21:32)।

**ਆਇਤ 19.** ਇਸ ਵਕਤ ਦੇ ਲੋਕਾਂ ਨੇ ਯਿਸੂ ਨੂੰ ਵੀ ਜਿਸ ਨੂੰ ਇੱਥੇ **ਮਨੁੱਖ ਦਾ ਪੁੱਤਰ** ਦੇ ਰੂਪ ਵਿਚ ਵਿਖਾਇਆ ਗਿਆ ਹੈ, ਨਕਾਰ ਦਿੱਤਾ। ਉਨ੍ਹਾਂ ਨੇ ਉਸ ਉੱਤੇ **ਖਾਊ ਅਤੇ ਸ਼ਰਾਬੀ ਮਨੁੱਖ** ਹੋਣ ਦਾ ਇਲਜ਼ਾਮ ਲਾਇਆ (ਵੇਖੋ ਵਿਵਸਥਾਸਾਰ 21:20)।[14] ਇਹ ਗ਼ਲਤ ਇਲਜ਼ਾਮ ਤੱਥਾਂ ਨੂੰ ਕੁਲ ਮਿਲਾ ਕੇ ਤੋੜਨਾ ਮਰੋੜਨਾ ਸੀ। ਯਿਸੂ ਨੇ ਆਪਣੇ ਚੇਲਿਆਂ ਨੂੰ ਰਸਮੀ ਰੋਜ਼ਿਆਂ ਵਿਚ ਭਾਗ ਲੈਣ ਦਾ ਹੁਕਮ ਨਹੀਂ ਦਿੱਤਾ ਸੀ (9:14), ਅਤੇ ਉਹ ਲੋਕਾਂ ਦੇ ਘਰਾਂ ਵਿਚ ਖਾਣੇ ਦੀਆਂ ਕਈ ਦਾਅਵਤਾਂ (9:9, 10; 26:6, 7; ਲੂਕਾ 7:36; 10:38; 14:1; 19:5) ਅਤੇ ਵਿਆਹ ਵਰਗੇ ਜਸ਼ਨਾਂ ਵਿਚ ਸੱਦਾ ਕਬੂਲ ਕਰ ਲੈਂਦਾ ਸੀ (ਯੂਹੰਨਾ 2:1–11)। ਯੂਹੰਨਾ ਦੀ ਅਲੋਚਨਾ ਉਸ ਦੇ ਸਖ਼ਤ ਰਵੱਈਏ ਕਰਕੇ ਹੋਈ ਸੀ, ਪਰ ਯਿਸੂ ਦੀ ਅਲੋਚਨਾ ਜ਼ਿੰਦਗੀ ਦੀਆਂ ਆਮ ਗਤੀਵੀਧੀਆਂ ਵਿਚ ਭਾਗ ਲੈਣ ਕਰਕੇ ਹੋਈ।

ਉਨ੍ਹਾਂ ਦਾ ਯਿਸੂ ਦੀ ਆਪਣੀ ਸੇਵਕਾਈ ਨੂੰ ਜਾਰੀ ਰੱਖਦਿਆਂ ਉਸ ਨੂੰ **ਮਸੂਲੀਆਂ ਅਰ ਪਾਪੀਆਂ ਦਾ ਯਾਰ** ਆਖ–ਆਖ ਕੇ ਉਨ੍ਹਾਂ ਸਾਥੀਆਂ ਨੂੰ ਨਾਲ ਲੈਣ ਦਾ ਮਜ਼ਾਕ ਉਡਾਇਆ (9:11 ਤੇ ਟਿੱਪਣੀਆਂ ਵੇਖੋ)। ਬੇਸ਼ੱਕ ਯਿਸੂ ਅਜਿਹੇ ਲੋਕਾਂ ਨਾਲ ਉਨ੍ਹਾਂ ਨੂੰ ਖ਼ੁਦਾ ਵੱਲ ਵਾਪਸ ਲਿਆਉਣ ਦੇ ਮਕਸਦ ਨਾਲ ਮਿਲਦਾ ਸੀ ਨਾ ਕਿ ਉਨ੍ਹਾਂ ਦੀਆਂ ਵਿਧੀਆਂ ਵਿਚ ਸ਼ਾਮਿਲ ਹੋਣ ਲਈ। ਲੂਈਸ ਨੇ ਇਹ ਕਹਿੰਦਿਆਂ ਇਸ ਤਰ੍ਹਾਂ ਦੱਸਿਆ ਹੈ, ''ਜਿੱਥੇ ਦੂਜੇ ਲੋਕ 'ਭਗਤਾਂ' ਦੇ ਵੱਖਵਾਦੀ ਟੋਲੇ ਬਣਾ ਰਹੇ ਸਨ–ਵੱਖ ਵਾਦੀ (ਫ਼ਰੀਸੀ) ਜਾਂ 'ਚਾਨਣ ਦੀ ਸੰਤਾਨ ਅਸੇਨੀ' ਪਵਿੱਤਰ, ਬਚੇ ਹੋਏ ਲੋਕ ਬਣੇ ਰਹਿਣ ਦੀ ਕੋਸ਼ਿਸ਼ ਕਰ

ਰਹੇ ਸਨ ਜਦ ਯਿਸੂ ਆਮ ਲੋਕਾਂ ਵਿਚ ਜਾ ਕੇ ਗੁਆਚੇ ਹੋਇਆਂ ਦੇ ਵਿਚ ਕੰਮ ਕਰਦਾ ਸੀ।''[15] ਯਿਸੂ ਨੇ ਇਹ ਆਖਦਿਆਂ ਗੱਲ ਮੁਕਾਈ, ''ਸੋ ਗਿਆਨ ਆਪਣੇ ਕਰਮਾਂ ਤੋਂ ਸੱਚਾ ਠਹਿਰਿਆ।'' ਪੁਰਾਣੇ ਨੇਮ ਵਾਂਗ ਹੀ ''ਗਿਆਨ'' (*ophia*) ਨੂੰ ਇਕ ਔਰਤ ਨਾਲ ਮਿਲਾਇਆ ਗਿਆ ਹੈ (ਵੇਖੋ ਕਹਾਉਤਾਂ 8; 9)। ''ਆਪਣੇ ਕਰਮਾਂ'' ਦੀ ਥਾਂ ਲੂਕਾ ਵਿਚ ''ਆਪਣੇ ਬਾਲਕਾਂ ਤੋਂ'' ਹੈ (ਲੂਕਾ 7:35)। ਪਰ ਗੱਲ ਉਹੀ ਹੈ। ਲੋਕ ਭਾਵੇਂ ਉਨ੍ਹਾਂ ਬਾਰੇ ਜੋ ਵੀ ਕਹਿਣ ਪਰ ਯਿਸੂ ਅਤੇ ਯੂਹੰਨਾ ਨੇ ਲੋਕਾਂ ਨੂੰ ਤੌਬਾ ਕਰਨ ਅਤੇ ਆਉਣ ਵਾਲੇ ਰਾਜ ਲਈ ਤਿਆਰ ਕਰਨ ਵਾਸਤੇ ਸੱਦਣ ਦੇ ਖ਼ੁਦਾ ਦੇ ਉਪਾਅ ਦੀ ਯੋਜਨਾ ਵਿਚ ਆਪਣੀਆਂ ਭੂਮਿਕਾਵਾਂ ਨਿਭਾ ਦਿੱਤੀਆਂ ਹਨ। ਉਨ੍ਹਾਂ ਰਾਹੀਂ ਬਦਲੇ ਗਏ ਲੋਕ ਭਾਵ ਜਿਨ੍ਹਾਂ ਦੀਆਂ ਜ਼ਿੰਦਗੀਆਂ ਪੂਰੀ ਤਰ੍ਹਾਂ ਨਾਲ ਬਦਲ ਗਈਆਂ, ਆਪਣੀਆਂ ਗਤੀਵਿਧੀਆਂ ਨੂੰ ਸਹੀ ਠਹਿਰਾਇਆ। ਫ਼ਰੀਸੀ ਅਤੇ ਹੋਰ ਆਲੋਚਕ ਭਾਵੇਂ ਖ਼ੁਦਾ ਦੇ ਗਿਆਨ ਨੂੰ ਸਹੀ ਨਹੀਂ ਮੰਨਦੇ ਪਰ ਰੂਹਾਨੀ ਤੌਰ ਤੇ ਸਮਝਦਾਰ ਲੋਕ ਰਾਜ ਦੀ ਸਿੱਖਿਆ ਨੂੰ ਸੁਣਨ ਲਈ ਤਿਆਰ ਸਨ। ਲੂਕਾ ਵਿਚ ਗਿਆਨ ਦੀ ''ਸੰਤਾਨ'' ਬਜ਼ਾਰ ਦੇ ''ਬਾਲਕਾਂ'' ਨਾਲੋਂ ਜਿਹੜੇ ਸਹਿਯੋਗ ਨਹੀਂ ਕਰਦੇ, ਬਿਲਕੁਲ ਫ਼ਰਕ ਹੈ (ਲੂਕਾ 7:32, 35)।

~~~ **ਸਬਕ** ~~~

## ਮਸੀਹ ਨੇ ਸਿਖਾਉਣਾ ਜਾਰੀ ਰੱਖਿਆ (ਅਧਿਆਇ 11)

ਮੱਤੀ 11 ਅਧਿਆਇ ਵਿਚ ਛੇ ਸਚਿਆਈਆਂ ਮਿਲਦੀਆਂ ਹਨ: (1) ਵੱਡੇ ਹੋਣ ਨੂੰ ਨਾਪਣ ਦਾ ਖ਼ੁਦਾ ਦਾ ਨਾਪ ਸਾਡੇ ਨਾਪ ਨਾਲੋਂ ਬਹੁਤ ਫ਼ਰਕ ਹੈ (11:1–6)। (2) ਰੂਪ ਆਮ ਤੌਰ ਤੇ ਭਰਮਾਉਣ ਵਾਲਾ ਹੁੰਦਾ ਹੈ (11:7–10)। (3) ਸਾਨੂੰ ਕਦੇ ਵੀ ਉਸ ਦੀ ਅਹਿਮੀਅਤ ਨੂੰ ਘੱਟ ਨਹੀਂ ਸਮਝਣਾ ਚਾਹੀਦਾ ਜੋ ਅਸੀਂ ਖ਼ੁਦਾ ਲਈ ਕਰ ਸਕਦੇ ਹਾਂ (11:11–15)। (4) ਜ਼ਿਆਦਾਤਰ ਲੋਕਾਂ ਨੂੰ ਅਸਲ ਧਰਮ ਦੀ ਇੱਛਾ ਨਹੀਂ ਹੁੰਦੀ (11:16–19)। (5) ਮਸੀਹ ਸਾਡਾ ਨਿਆਂ ਕਰੇਗਾ (11:20–24)। (6) ਮਸੀਹ ਉਨ੍ਹਾਂ ਲਈ ਜਿਹੜੇ ਉਸ ਦੇ ਕੋਲ ਆਉਂਦੇ ਹਨ, ਤਰਸ ਨਾਲ ਭਰਿਆ ਹੈ ਅਤੇ ਉਨ੍ਹਾਂ ਨੂੰ ਮਾਫ਼ ਕਰਨ ਦੀ ਰਾਹ ਵੇਖਦਾ ਹੈ (11:25–30)।

## ਯੂਹੰਨਾ ਬਪਤਿਸਮਾ ਦੇਣ ਵਾਲਾ (11:2-6)

ਯੂਹੰਨਾ ਊਠ ਦੇ ਵਾਲ ਪਹਿਨਿਆ ਹੋਇਆ ਪ੍ਰਚਾਰਕ ਸੀ (3:4)। ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਸਮਝਣ ਲਈ ਸਾਨੂੰ ਉਸ ਦੇ ਕੁਝ ਪਿਛੋਕੜ ਦਾ ਪਤਾ ਹੋਣਾ ਜ਼ਰੂਰੀ ਹੈ। ਉਹ ਆਪਣੇ ਜਨਮ ਤੋਂ ਪਹਿਲਾਂ ਵੀ ਖ਼ਾਸ ਸੀ (ਲੂਕਾ 1:1–25, 41, 57–66)। ਉਹ ਨਿਰੀ ਇਕ ਜਿਗਿਆਸਾ ਨਹੀਂ ਸੀ; ਜਿਹੜੀਆਂ ਖੂਬੀਆਂ ਸਨ ਉਸ ਉੱਤੇ ਵਿਚਾਰ ਕਰਨ ਲਈ ਮਜਬੂਰ ਕਰਦੀਆਂ ਹਨ। ਅਸਲ ਵਿਚ ਉਹ ਪੁਰਾਣੇ ਨੇਮ ਦੇ ਨਬੀਆਂ ਦੀ ਰਵਾਇਤ ਵਿਚ ਹੀ ਸਨ (ਯਸਾਯਾਹ 40:3–5; ਮਲਾਕੀ 3:1; 4:5, 6)। ਉਸ ਦਾ ਕੰਮ ਪਹਿਲਾ ਭਾਵ ਲਾੜਾ ਨਹੀਂ ਬਲਕਿ ਲਾੜੇ ਦਾ ਸਾਥੀ ਹੋਣਾ ਸੀ (3:11; ਯੂਹੰਨਾ 3:29, 30)। ਉਹ ਮਸੀਹ ਨਹੀਂ ਸੀ (ਲੂਕਾ 3:15–17); ਉਸ ਦਾ ਮਿਸ਼ਨ ਮਸੀਹਾ ਲਈ ਰਾਹ ਤਿਆਰ ਕਰਨਾ ਭਾਵ ਲੋਕਾਂ ਦੇ ਮਨਾਂ ਨੂੰ ਤਿਆਰ ਕਰਨਾ ਜਾਂ ਚਾਨਣ ਦੀ ਗਵਾਹੀ ਦੇਣਾ ਸੀ (ਯੂਹੰਨਾ 1:1–18, 29–34)। ਉਸ ਦਾ ਪ੍ਰਚਾਰ ਸੀ ਕਿ ''ਤੌਬਾ ਕਰੋ ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ'' (3:2)। ਉਹ ''ਪਾਪਾਂ ਦੀ ਮਾਫ਼ੀ ਲਈ ਤੌਬਾ ਦੇ ਬਪਤਿਸਮੇ ਦਾ ਪ੍ਰਚਾਰ ਕਰਦਾ ਸੀ'' (ਮਰਕੁਸ 1:4) ਅਤੇ ਰਾਜ ਦੀ ਖੁਸ਼ਖ਼ਬਰੀ ਸੁਣਾਉਣ ਲਈ ਯਿਸੂ ਲਈ ਰਾਹ ਤਿਆਰ ਕਰਦਾ ਸੀ (ਮਰਕੁਸ 1:14, 15)। ਯੂਹੰਨਾ ਨੇ ਵਿਖਾਇਆ ਕਿ ਸਾਡੇ ਲਈ ਆਪਣੇ ਵਿਸ਼ਵਾਸ ਨੂੰ ਸੰਜੀਦਗੀ
~~~

ਨਾਲ ਲੈਣਾ ਜ਼ਰੂਰੀ ਹੈ। ਅਸੀਂ ''ਖੁਸ਼ਾਮਦ ਕਰਕੇ'' ਸੰਤੁਸ਼ਟ ਨਹੀਂ ਹੋ ਸਕਦੇ। ਸਾਨੂੰ ਵਚਨ ਅਤੇ ਕਰਮ ਦੋਹਾਂ ਨਾਲ ਪ੍ਰਭੂ ਦੀ ਸੇਵਾ ਕਰਨੀ ਜ਼ਰੂਰੀ ਹੈ।

## ਸੰਦੇਹਾਂ ਨਾਲ ਨਜਿੱਠਣਾ (11:2-6)

ਜ਼ਿੰਦਗੀ ਵਿਚ ਕਦੇ ਨਾ ਕਦੇ ਤਕਰੀਬਨ ਹਰ ਮਸੀਹੀ ਨੂੰ ਸ਼ੱਕ ਨਾਲ ਦੋ ਚਾਰ ਹੋਣਾ ਪਵੇਗਾ। ਇਹ ਸ਼ੱਕ ਆਮ ਤੌਰ ਤੇ ਆਰਥਿਕ ਸੰਘਰਸ਼ਾਂ, ਰਿਸ਼ਤੇ ਦੇ ਝਗੜਿਆਂ, ਸਿਹਤ ਦੀਆਂ ਮੁਸ਼ਕਿਲਾਂ ਅਤੇ ਅਜੀਜ਼ਾਂ ਦੀ ਮੌਤ ਵਰਗੀਆਂ ਸ਼ਖ਼ਤ ਅਜ਼ਮਾਇਸ਼ਾਂ ਨਾਲ ਆਉਂਦੇ ਹਨ। ਸ਼ੱਕਾਂ ਨਾਲ ਸਾਨੂੰ ਹੈਰਾਨ ਨਈਂ ਹੋਣਾ ਚਾਹੀਦਾ। ਯੂਹੰਨਾ ਬਪਤਿਸਮਾ ਦੇਣ ਵਾਲੇ ਖੰਭੇ ਵਰਗੇ ਮਜ਼ਬੂਤ ਬੰਦੇ ਨੂੰ ਵੀ ਜੇਲ੍ਹ ਵਿਚ ਹੋਣ ਤੇ ਇਨ੍ਹਾਂ ਨਾਲ ਦੋ ਚਾਰ ਹੋਣਾ ਪਿਆ ਸੀ। ਸਾਨੂੰ ਆਪਣੇ ਸ਼ੱਕਾਂ ਈਮਾਨਦਾਰ ਲੋਕਾਂ ਨੂੰ ਹੋ ਕੇ ਅਤੇ ਉਨ੍ਹਾਂ ਨੂੰ ਮਸੀਹ ਕੋਲ ਲਿਆ ਕੇ ਉਸ ਦੇ ਨਮੂਨੇ ਦਾ ਪਾਲਣ ਕਰਨਾ ਚਾਹੀਦਾ ਹੈ, ਆਖ਼ਿਰ ਉਹੀ ਤਾਂ ਇਕੱਲਾ ਹੈ ਜਿਹੜਾ ਸਾਨੂੰ ਉਨ੍ਹਾਂ ਵਿੱਚੋਂ ਕੱਢ ਸਕਦਾ ਹੈ। ਸ਼ਾਇਦ ਸਾਨੂੰ ਉਸ ਆਦਮੀ ਨਾਲ ਦੁਆ ਕਰਨੀ ਚਾਹੀਦੀ ਹੈ ਜਿਸ ਦੇ ਪੁੱਤਰ ਨੂੰ ਭੂਤ ਚੰਬੜਿਆ ਹੋਇਆ ਸੀ: ''*[ਹੇ ਪ੍ਰਭੂ]*, ਮੈਂ ਪਰਤੀਤ ਕਰਦਾ ਹਾਂ, ਤੁਸੀਂ ਮੇਰੀ ਬੇਪਰਤੀਤੀ ਦਾ ਉਪਾਓ ਕਰੋ!'' (ਮਰਕੁਸ 9:24; NIV)।

ਡੇਵਿਡ ਸਟਿਵਰਟ

---

ਟਿੱਪਣੀਆਂ

[1]ਲਿਓਨ ਮੌਰਿਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਿੱਲਰ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1992), 272. [2]ਜੈਕ ਪੀ. ਲੂਈਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਾਰਟ 1, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਸਵੀਟ ਪਬਲੀਸ਼ਿੰਗ ਕੰ., 1976), 158. [3]ਜੋਸੇਫ਼ਸ ਨੇ ਲਿਖਿਆ ਹੈ ਕਿ ਯੂਹੰਨਾ ਦਾ ਕਤਲ ''ਹੇਰੋਦੇਸ ਦੇ ਸ਼ੱਕੀ ਸੁਭਾਅ'' ਕਰਕੇ ਮੁਕੇਰੁਸ ਨਾਮਕ ਕਿਲ੍ਹੇ ਵਿਚ ਹੋਇਆ ਸੀ (ਜੋਸੇਫ਼ਸ *ਐਂਟੀਕੁਇਟੀਜ਼* 18.5.2)। [4]*ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗ੍ਰਾਉਂਡ ਕਮੈਂਟਰੀ,* ਜਿਲਦ 1, *ਮੈਥਿਊ, ਮਾਰਕ, ਲੂਕ,* ਸੰਪਾ. ਕਲਿੰਟੋਨ ਈ. ਆਰਨੋਲਡ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2002), 72 ਵਿਚ ਮਾਈਕਲ ਜੇ ਵਿਲਕਿੰਸ, ''ਮੈਥਿਊ''; ਵੇਖੋ ਜੋਸੇਫ਼ਸ *ਵਾਰਜ਼* 7.6.2. [5]ਵੇਖੋ ਡੋਨਲਡ ਏ. ਹੈਗਨਰ, *ਮੈਥਿਊ 1—13,* ਵਰਡ ਬਿਬਲੀਕਲ ਕਮੈਂਟਰੀ, ਜਿਲਦ 33ਏ (ਡਲਾਸ: ਵਰਡ ਬੁਕਸ, 1993), 300. [6]ਮੌਰਿਸ, 277. [7]ਜੋਸੇਫ਼ਸ *ਵਾਰਜ਼* 1.24.3. [8]ਯਿਸੂ ਦਾ ਹਵਾਲਾ ਮਲਾਕੀ 3:1 ਵਿੱਚੋਂ ਲਿਆ ਗਿਆ ਹੈ। ''ਮੇਰੇ'' ਪੜਨਾਉਂ ਸ਼ਬਦ ਨੂੰ (''ਪ੍ਰਭੂ'' ਦੀ ਗੱਲ ਕਰਦਿਆਂ) ਨੂੰ ''ਤੇਰੇ'' (ਉਸ ਦੇ ਮਸੀਹਾ) ਦੀ ਗੱਲ ਕਰਦਿਆਂ ਬਦਲ ਦਿੱਤਾ ਗਿਆ। [9]ਵੇਖੋ ਮੱਤੀ 5:19; 10:42; 18:1—4; 20:25—28; 25:40, 45. [10]ਲੂਈਸ, 161.

[11]ਸਿਰਾਚ 48:1, 10; ਮਿਸ਼ਨਾਹ *ਏਡਿਓਥ* 8.7; *ਸੋਟਹ* 9.15. ਕਈਆਂ ਨੇ ਗਲਤੀ ਨਾਲ ਯਿਸੂ ਏਲੀਯਾਹ ਮੰਨ ਲਿਆ ਸੀ (16:14), ਜਦਕਿ ਹੋਰਨਾਂ ਨੇ ਗਲਤੀ ਨਾਲ ਇਹ ਮੰਨ ਲਿਆ ਕਿ ਯਿਸੂ ਸਲੀਬ ਦਿੱਤੇ ਜਾਣ ਵੇਲੇ ਏਲੀਯਾਹ ਨੂੰ ਪੁਕਾਰ ਰਿਹਾ ਹੈ (27:46, 47)। [12]ਜੋਸੇਫ਼ਸ ਅਗੇਂਸਟ ਅੱਪੀਅਨ 2.27. [13]ਯਿਸੂ ਉੱਤੇ ਭੂਤ ਚੰਬੜੇ ਹੋਣ ਦਾ ਇਲਜ਼ਾਮ ਵੀ ਲਾਇਆ ਗਿਆ ਸੀ (9:34; 10:25; 12:24; ਯੂਹੰਨਾ 7:20; 8:48, 52; 10:20)। [14]ਬਾਈਬਲ ਦੇ ਸਮਿਆਂ ਵਿਚ ਦਾਖਰਸ ਤੇ ਜਾਣਕਾਰੀ ਲਈ, *ਡਿਕਸ਼ਨਰੀ ਆਫ਼ ਜੀਜ਼ਸ ਐਂਡ ਦ ਗੌਸਪਲਜ਼,* ਸੰਪਾ. ਯੋਏਲ ਬੀ. ਗ੍ਰੀਨ ਐਂਡ ਸਕਾਟ ਮੈਕਨਾਈਟ (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਿਟੀ ਪ੍ਰੈੱਸ, 1992), 870—73 ਵਿਚ ਵੇਖੋ ਡਿਊਏਨ ਐਫ਼. ਵਾਟਸਨ, ''ਵਾਈਨ।'' [15]ਲੂਈਸ, 163.